ਮੈਂ ਆਪਣੀ ਗੱਲ ਅੱਜ ਲੈਕੁਐਂਜਨ ਲੋਕਾਂ, ਸੌਂਗੀਜ਼ ਅਤੇ ਐਸਕੁਆਇਮਾਲਟ ਫ਼ਸਟ ਨੇਸ਼ਨਜ਼ ਨੂੰ ਮਾਨਤਾ ਦਿੰਦਿਆਂ ਸ਼ੁਰੂ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਦੇ ਇਲਾਕਿਆਂ ਵਿੱਚ ਅਸੀਂ ਇੱਕਠੇ ਹੋਏ ਹਾਂ।

ਮੈਂ ਹਰ ਇੱਕ ਨੂੰ 204 ਫ਼ਸਟ ਨੇਸ਼ਨਜ਼ ਨੂੰ ਮਾਨਤਾ ਦੇਣ ਦਾ ਵੀ ਸੱਦਾ ਦਿੰਦੀ ਹਾਂ ਜਿਨ੍ਹਾਂ ਦੇ ਇਲਾਕਿਆਂ ਨੂੰ ਅਸੀਂ ਬ੍ਰਿਟਿਸ਼ ਕੋਲੰਬੀਆ ਆਖਦੇ ਹਾਂ।

ਉਹ ਸਾਰੇ ਜੋ ਸਾਡੇ ਨਾਲ ਸ਼ਾਮਲ ਹੋ ਰਹੇ ਹਨ, ਉਨ੍ਹਾਂ ਦਾ ਮੈਂ ਧੰਨਵਾਦ ਕਰਨਾ ਚਾਹੁੰਦੀ ਹਾਂ।

ਅੱਜ, ਮੈਂ ਬਜਟ 2022 ਨੂੰ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰ ਰਹੀ ਹਾਂ।

ਇੱਕ ਅਜਿਹਾ ਬਜਟ ਉਹ ਸਾਰੀਆਂ ਚੀਜ਼ਾਂ, ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਸਹੀ ਹਨ, ‘ਤੇ ਸਥਿਰ ਰਹਿੰਦਿਆਂ ਸਾਨੂੰ ਸਾਰਿਆਂ ਨੂੰ ਅੱਗੇ ਤੋਰਦਾ ਹੈ।

ਇਹ ਕਿ ਅਸੀਂ ਇੱਕਠੇ ਹੋ ਕੇ ਵੱਧ ਮਜ਼ਬੂਤ ਰਹਿੰਦੇ ਹਾਂ।

ਬਜਟ 2022 ਅੱਜ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਨਾਲ ਨਾਲ ਹਮੇਸ਼ਾ ਇੱਕ ਵਧੇਰੇ ਮਜ਼ਬੂਤ ਬ੍ਰਿਟਿਸ਼ ਕੋਲੰਬੀਆ ਵਿੱਚ ਨਿਵੇਸ਼ ਕਰਦਾ ਹੈ।

ਇਹ ਮੌਜੂਦਾ ਸਮੇਂ ਲਈ ਕਦਮ ਚੁੱਕਣ ਦੇ ਨਾਲ ਨਾਲ ਭਵਿੱਖ ਲਈ ਇੱਕ ਯੋਜਨਾ ਪੇਸ਼ ਕਰਦਾ ਹੈ।

ਇੱਕ ਅਜਿਹੀ ਯੋਜਨਾ ਜਿਹੜੀ ਉਨ੍ਹਾਂ ਮੁਸ਼ਕਲ ਦਿਨਾਂ ਪ੍ਰਤੀ ਕਾਰਾਵਾਈ ਕਰਦੀ ਹੈ, ਜਿਨ੍ਹਾਂ ਵਿੱਚੋਂ ਅਸੀਂ ਅੱਜ ਗੁਜ਼ਰ ਰਹੇ ਹਾਂ।

ਅਸੀਂ ਦੋ ਲਗਾਤਾਰ ਚੱਲ ਰਹੇ ਸਿਹਤ ਸੰਕਟਾਂ ਦਾ ਬੋਝ ਮਹਿਸੂਸ ਕਰ ਰਹੇ ਹਾਂ, ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਕੋਵਿਡ-19 ਮਹਾਮਾਰੀ।

ਅਸੀਂ ਉਸ ਦੁੱਖ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ ਜਿਸ ਨੂੰ ਮੂਲਵਾਸੀ ਭਾਈਚਾਰਿਆਂ ਨੇ ਏਨੇ ਲੰਬੇ ਸਮੇਂ ਤੱਕ ਭੋਗਿਆ ਹੈ: ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਕੋਲੋਂ ਖੋਹ ਲਿਆ ਗਿਆ, ਰਿਹਾਇਸ਼ੀ ਸਕੂਲਾਂ ਵਿੱਚ ਭੇਜਿਆ ਗਿਆ ਅਤੇ ਉਹ ਕਦੇ ਵੀ ਘਰਾਂ ਨੂੰ ਵਾਪਸ ਨਹੀ ਪਰਤੇ।

ਅਸੀਂ ਜਲਵਾਯੂ ਪਰਿਵਰਤਨ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਵੇਖਿਆ ਹੈ, ਜਦੋਂ ਗਰਮੀਆਂ ਵਿੱਚ ਅੱਤ ਦੀ ਗਰਮੀ ਅਤੇ ਜੰਗਲੀ ਅੱਗਾਂ ਨਾਲ ਝੁਲਸੇ ਭਾਈਚਾਰਿਆਂ ਨੇ ਕੇਵਲ ਕੁਝ ਮਹੀਨਿਆਂ ਬਾਅਦ ਹੀ ਹੜ੍ਹਮਾਰੀ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਦਾ ਸਾਹਮਣਾ ਕੀਤਾ।

ਇੱਕ ਤੋਂ ਬਾਅਦ ਇੱਕ ਆਉਣ ਵਾਲੇ ਇਨ੍ਹਾਂ ਸੰਕਟਾਂ ਨੇ ਸਾਡੇ ਕੋਲੋਂ ਜ਼ਿੰਦਗੀਆਂ ਖੋਹ ਲਈਆਂ ਅਤੇ ਸਾਨੂੰ ਸਾਰਿਆਂ ਨੂੰ ਪ੍ਰਭਾਵਤ ਕੀਤਾ। ਉਹ ਸਾਰੇ ਲੋਕ ਜੋ ਸੋਗ ਮਨਾ ਰਹੇ ਹਨ, ਉਨ੍ਹਾਂ ਲਈ ਪ੍ਰਾਰਥਨਾ ਹੈ – ਤੁਹਾਡੇ ਮਿੱਤਰ-ਪਿਆਰਿਆਂ 'ਤੇ ਮਿਹਰ ਰਹੇ।

**ਜੋ ਅਸੀਂ ਹਾਂ**:

ਅਤੇ ਫ਼ਿਰ ਵੀ, ਇਨ੍ਹਾਂ ਮੁਸ਼ਕਲ ਦਿਨਾਂ ਦੌਰਾਨ, ਮੈਨੂੰ ਇੱਕ ਕਹਾਣੀ ਯਾਦ ਆ ਰਹੀ ਹੈ।

ਇਹ ਇੱਕ ਬਜ਼ੁਰਗ ਪਿਤਾ ਦੀ ਕਹਾਣੀ ਹੈ ਜੋ ਆਪਣੇ ਪੁੱਤਰਾਂ ਨੂੰ ਲਾਠੀਆਂ ਦਾ ਇੱਕ ਗੱਠਾ ਤੋੜਣ ਲਈ ਆਖਦਾ ਹੈ।

ਆਪਣੀ ਪੂਰੀ ਕੋਸ਼ਿਸ਼ ਕਰਨ ਦੇ ਬਾਵਜੂਦ, ਉਹ ਅਜਿਹਾ ਕਰਨ ਤੋਂ ਅਸਮਰਥ ਰਹਿੰਦੇ ਹਨ, ਪ੍ਰੰਤੂ ਜਦੋਂ ਉਹ ਗੱਠਾ ਖੋਲ੍ਹ ਦਿੱਤਾ ਜਾਂਦਾ ਹੈ, ਹਰ ਇੱਕ ਲਾਠੀ ਅਸਾਨੀ ਨਾਲ ਟੁੱਟ ਜਾਂਦੀ ਹੈ।

ਭਾਵੇਂ ਇਸ ਕਹਾਣੀ ਦੀਆਂ ਜੜ੍ਹਾਂ ਪੁਰਾਤਨ ਸਮੇਂ ਨਾਲ ਜੁੜੀਆਂ ਹਨ, ਇਸ ਦਾ ਇਹ ਸੁਨੇਹਾ ਕਿ ਏਕੇ ਵਿੱਚ ਬਰਕਤ ਹੈ, ਅੱਜ ਵੀ ਸੱਚਾ ਹੈ।

ਲਾਠੀਆਂ ਦੇ ਉਸ ਗੱਠੇ ਵਾਂਗ ਹੀ, ਅਸੀਂ ਵੀ ਇੱਕਠੇ ਹੋ ਕੇ ਵੱਧ ਮਜ਼ਬੂਤ ਰਹਿੰਦੇ ਹਾਂ।

ਕਿਉਂਕਿ, ਸਪੀਕਰ ਸਾਹਿਬ, ਇਹ ਉਹ ਸਮਾਂ ਹੁੰਦਾ ਹੈ ਜਦੋਂ ਅਸੀਂ ਦਬਾਅ ਹੇਠ ਹੁੰਦੇ ਹਾਂ ਕਿ ਸਾਨੂੰ ਨਜ਼ਰ ਆਉਂਦਾ ਹੈ ਕਿ ਅਸਲ ਵਿੱਚ ਅਸੀਂ ਕੌਣ ਹਾਂ, ਲੋਕਾਂ ਦੇ ਤੌਰ 'ਤੇ ਅਤੇ ਇੱਕ ਸੂਬੇ ਦੇ ਤੌਰ 'ਤੇ।

ਬ੍ਰਿਟਿਸ਼ ਕੋਲੰਬੀਆ ਨਿਵਾਸੀ ਪਰਵਾਹ ਕਰਨ ਵਾਲੇ ਲੋਕ ਹਨ।

ਜਦੋਂ ਇੱਕ ਸੁਰੱਖਿਅਤ ਅਤੇ ਪ੍ਰਭਾਵੀ ਵੈਕਸੀਨ ਉਪਲਬਧ ਹੋਈ, ਤਾਂ ਲੱਖਾਂ ਹੀ ਲੋਕਾਂ ਨੇ ਖ਼ੁਦ ਆਪਣੀ ਅਤੇ ਦੂਸਰਿਆਂ ਦੀ ਸੁਰੱਖਿਆ ਲਈ ਆਪਣੀ ਬਾਹਾਂ 'ਤੇ ਟੀਕੇ ਲਗਵਾਏ।

ਸਿਹਤ ਸੰਭਾਲ ਕਾਮੇ, ਜਿਵੇਂ ਕਿ ਮੇਰੀ ਦੋਸਤ ਸ਼ੈਰਨ, ਰਿਟਾਇਰ ਹੋਣ ਦੇ ਬਾਵਜੂਦ ਸਾਡੇ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਵੈਕਸੀਨ ਪ੍ਰੋਗਰਾਮ ਦੌਰਾਨ ਮਦਦ ਕਰਨ ਲਈ ਅੱਗੇ ਆਈ।

ਬੀ ਸੀ ਵਿੱਚ ਇਸ ਵੇਲੇ ਕੋਵਿਡ-19 ਕਾਰਣ ਹੋਣ ਵਾਲੀਆਂ ਮੌਤਾਂ ਦੀਆਂ ਪ੍ਰਤੀ ਵਿਅਕਤੀ ਦਰਾਂ ਸਭ ਤੋਂ ਘੱਟ ਹਨ ਅਤੇ ਵੈਕਸੀਨੇਸ਼ਨ ਦੀਆਂ ਦਰਾਂ ਇਸ ਮਹਾਦੀਪ ਵਿੱਚ ਸਭ ਤੋਂ ਉਚੀਆਂ ਦਰਾਂ ਵਿੱਚੋਂ ਇੱਕ ਹੈ।

ਬ੍ਰਿਟਿਸ਼ ਕੋਲੰਬੀਆ ਨਿਵਾਸੀ ਰਹਿਮ-ਦਿਲ ਲੋਕ ਹਨ।

ਜਦੋਂ ਸਾਡੇ ਗੁਆਂਢੀ- ਭਾਵੇਂ ਸਾਡੇ ਸਾਹਮਣੇ ਘਰ ਵਿੱਚ ਰਹਿੰਦੇ ਹੋਣ ਜਾਂ ਨਾਲ ਦੇ ਸੂਬੇ ਵਿੱਚ ਰਹਿੰਦੇ ਹੋਣ- ਨੂੰ ਮਦਦ ਦੀ ਲੋੜ ਪੈਂਦੀ ਹੈ, ਅਸੀਂ ਮੌਜੂਦ ਹੁੰਦੇ ਹਾਂ।

ਸਾਧਨ ਵੱਖੋ-ਵਖਰੇ ਹੋ ਸਕਦੇ ਹਨ, ਰੇਤ ਦੀਆਂ ਬੋਰੀਆਂ ਤੋਂ ਲੈ ਕੇ ਅੱਗ ਬੁਝਾਉਣ ਵਾਲੀਆਂ ਪਾਈਪਾਂ ਅਤੇ ਭਾਈਚਾਰਕ ਲੰਗਰਾਂ ਤੱਕ, ਪਰ ਅਸੀਂ ਕੰਮ ਪੂਰਾ ਵਿੱਚ ਸਫ਼ਲ ਰਹਿੰਦੇ ਹਾਂ।

ਅਤੇ, ਸਪੀਕਰ ਸਾਹਿਬ, ਬ੍ਰਿਟਿਸ਼ ਕੋਲੰਬੀਆ ਨਿਵਾਸੀ ਸਮਰਪਤ ਲੋਕ ਹਨ।

ਪ੍ਰਤੀ ਦਿਨ, ਜੋ ਲੋਕ ਮਾਨਸਕ ਸਿਹਤ ਅਤੇ ਨਸ਼ਾਖ਼ੋਰੀ ਦੇ ਮੁਹਾਜ਼ ਤੇ ਕੰਮ ਕਰ ਰਹੇ ਹਨ, ਇੱਕ ਵਧ ਰਹੀ ਮੰਗ ਦਾ ਮੁਕਾਬਲਾ ਕਰਦੇ ਹਨ।

ਇਸ ਮਹਾਮਾਰੀ ਦੇ ਮੁਹਾਜ਼ ‘ਤੇ, ਸਾਨੂੰ ਹਸਪਤਾਲਾਂ ਵਿੱਚ ਸਿਹਤ ਸੰਭਾਲ ਕਾਮਿਆਂ ਦੀ, ਕਲਾਸ-ਰੂਮਾਂ ਵਿੱਚ ਅਧਿਆਪਕਾਂ ਅਤੇ ਅਰਲੀ ਚਾਈਲਡਹੁਡ ਐਜੂਕੇਟਰਾਂ ਦੀ, ਅਤੇ ਗ੍ਰੋਸਰੀ ਸਟੋਰਾਂ ਵਿੱਚ ਕਲਰਕਾਂ ਦੀ ਪ੍ਰਤੀਬੱਧਤਾ ਨਜ਼ਰ ਆਉਂਦੀ ਹੈ।

ਬਾਰ-ਬਾਰ, ਬ੍ਰਿਟਿਸ਼ ਕੋਲੰਬੀਆ ਨਿਵਾਸੀ ਇੱਕ ਦੂਜੇ ਦਾ ਸਾਥ ਦੇਣ ਲਈ ਅੱਗੇ ਆਏ ਹਨ।

ਸਾਡੀ ਸਰਕਾਰ ਵੀ ਬਿਲਕੁਲ ਤੁਹਾਡੇ ਨਾਲ ਖੜ੍ਹੀ ਹੈ।

## ਵੱਖ-ਵੱਖ ਵਿਕਲਪ

ਜਦੋਂ ਅਜਿਹੀਆਂ ਚੁਣੌਤੀਆਂ ਆਉਂਦੀਆਂ ਹਨ ਜੋ ਇੱਕ ਸੂਬੇ ਦੇ ਤੌਰ ‘ਤੇ ਸਾਡੇ ਲਈ ਡਰ ਪੈਦਾ ਕਰਦੀਆਂ ਹਨ, ਤਾਂ ਸਾਨੂੰ ਇੱਕ ਸੂਬੇ ਦੇ ਤੌਰ ‘ਤੇ ਉਨ੍ਹਾਂ ਦਾ ਜਵਾਬ ਦੇਣਾ ਪੈਂਦਾ ਹੈ।

ਕੁਝ ਲੋਕ ਵੱਖਰੇ ਫ਼ੈਸਲੇ ਲੈਂਦੇ ਹਨ।

ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਕਟੌਤੀਆਂ ਅਤੇ ਸਰਕਾਰ ਦੀ ਸੀਮਿਤ ਭੂਮਿਕਾ ਅੱਗੇ ਵਧਣ ਲਈ ਸਹੀ ਰਸਤਾ ਹੈ।

ਪਰ ਇਹ ਉਹ ਨਹੀਂ ਜਿਸ ਦੀ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਨਿਵਾਸੀ ਉਮੀਦ ਕਰਦੇ ਹਨ। ਅਤੇ ਇਹ ਸਾਡੀ ਪਹੁੰਚ ਵੀ ਨਹੀਂ ਹੋਵੇਗੀ।

ਸਪੀਕਰ ਸਾਹਿਬ, ਜਦੋਂ ਮੁਸ਼ਕਲ ਸਮਾਂ ਹੋਵੇ ਤਾਂ ਲੋਕਾਂ ਨੂੰ ਬਿਨਾਂ ਕਿਸੇ ਮਦਦ ਦੇ ਉਨ੍ਹਾਂ ਦੇ ਹਾਲ ‘ਤੇ ਛੱਡਣ ਦੀ ਥਾਂ, ਸਾਡੀ ਸਰਕਾਰ ਅੱਗੇ ਵਧ ਕੇ ਸਾਥ ਦਿੰਦੀ ਹੈ - ਜਦੋਂ ਵੀ ਅਤੇ ਜਿੱਥੇ ਵੀ ਸਾਡੀ ਲੋੜ ਹੋਵੇ।

ਬੀ ਸੀ ਰਿਕਵਰੀ ਬੈਨੀਫ਼ਿਟਸ ਰਾਹੀਂ ਸੈਂਕੜੇ ਡਾਲਰ ਸਿੱਧੇ ਲੱਖਾਂ ਲੋਕਾਂ ਤੱਕ ਪਹੁੰਚੇ – ਤਾਂ ਕਿ ਇਸ ਮੁਸ਼ਕਲ ਸਮੇਂ ਦੌਰਾਨ ਉਨ੍ਹਾਂ ਦੀ ਮਦਦ ਹੋ ਸਕੇ ਅਤੇ ਆਰਥਕ ਮੁੜ-ਬਹਾਲੀ ਵਿੱਚ ਸਹਾਇਤਾ ਮਿਲ ਸਕੇ।

ਸੇਫ ਸਟਾਰਟ ਅਧੀਨ ਸੈਂਕੜੇ ਮਿਲੀਅਨ ਮਾਲੀ ਮਦਦ ਦੇ ਰੂਪ ਵਿੱਚ ਭਾਈਚਾਰਿਆਂ ਨੂੰ ਦਿੱਤੇ ਗਏ ਜਿਨ੍ਹਾਂ ਨਾਲ ਉਹ ਸੇਵਾਵਾਂ ਬਰਕਰਾਰ ਰਹਿ ਸਕੀਆਂ ਜਿਨ੍ਹਾਂ 'ਤੇ ਲੋਕ ਭਰੋਸਾ ਕਰਦੇ ਹਨ, ਜਿਵੇਂ ਕਿ ਪਬਲਿਕ ਟ੍ਰਾਂਜ਼ਿਟ।

ਅਤੇ ਅੱਧਾ ਮਿਲੀਅਨ ਤੋਂ ਵੱਧ ਡਾਲਰਾਂ ਨਾਲ ਸਭ ਤੋਂ ਵੱਧ ਪ੍ਰਭਾਵਤ ਹੋਏ ਛੋਟੇ ਕਾਰੋਬਾਰਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਨੂੰ ਮਦਦ ਦਿੱਤੀ ਗਈ।

ਬੀ ਸੀ ਵੱਲੋਂ ਕੈਨੇਡਾ ਵਿੱਚ ਲੋਕਾਂ ਅਤੇ ਕਾਰੋਬਾਰਾਂ ਨੂੰ ਸਭ ਤੋਂ ਵੱਧ ਪ੍ਰਤੀ ਵਿਅਕਤੀ ਸਹਾਇਤਾ ਸਾਧਨ ਮੁਹੱਈਆ ਕਰਾਏ ਗਏ ਹਨ।

ਮਾਲੀ ਮਦਦ ਦੇ ਰੂਪ ਵਿੱਚ ਮਿਲੀਅਨ ਡਾਲਰਾਂ ਨਾਲ 8,000 ਤੋਂ ਵੱਧ ਸੈਰ-ਸਪਾਟੇ ਨਾਲ ਸਬੰਧਤ ਕਾਰੋਬਾਰਾਂ ਨੂੰ ਜੀਵਨ-ਦਾਨ ਮੁਹੱਈਆ ਕਰਾਇਆ ਗਿਆ।

ਅਤੇ ਅਤਿਰਕਤ ਮਾਲੀ ਮਦਦ ਰਾਹੀਂ ਇਸ ਮਹਾਮਾਰੀ ਤੋਂ ਪ੍ਰਭਾਵਤ ਹੋਈਆਂ ਗ਼ੈਰ-ਮੁਨਾਫਾ ਸੰਸਥਾਵਾਂ ਨੂੰ ਸਹਾਇਤਾ ਸਾਧਨ ਪ੍ਰਦਾਨ ਕਰਨ ਦੇ ਨਾਲ ਨਾਲ ਕਲਾ, ਸੱਭਿਆਚਾਰ ਅਤੇ ਸੰਗੀਤ ਦੇ ਖੇਤਰ ਨੂੰ ਸਹਾਇਤਾ ਮਿਲੇਗੀ।

ਜਿਵੇਂ-ਜਿਵੇਂ ਸੈਰ-ਸਪਾਟਾ ਖੇਤਰ ਦੀ ਮੁੜ-ਬਹਾਲੀ ਹੋਵੇਗੀ, ਇਸ ਸਾਲ ਦੇ ਬਜਟ ਰਾਹੀਂ ਇਸ ਨੂੰ ਮਦਦ ਦੇਣਾ ਜਾਰੀ ਰੱਖਿਆ ਜਾਵੇਗਾ ਜਿਸ ਲਈ $25 ਮਿਲੀਅਨ ਨਿਰਧਾਰਤ ਕੀਤੇ ਗਏ ਹਨ।

ਯਥਾ-ਸਥਿਤੀ ਨੂੰ ਪ੍ਰਵਾਨ ਕਰਨ ਦੀ ਥਾਂ, ਅਸੀਂ ਹਮੇਸ਼ਾ ਮੌਜੂਦਾ ਸਮੇਂ ਲੋਕਾਂ ਦੀ ਜਿੰਦਗੀ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਦੀ ਤਲਾਸ਼ ਕਰ ਰਹੇ ਹਾਂ। ਕੁਝ ਮਾਮਲਿਆਂ ਵਿੱਚ, ਇਸ ਦਾ ਅਰਥ ਹੈ ਪਿਛਲੀਆਂ ਗਲਤੀਆਂ ਨੂੰ ਸੁਧਾਰਨਾ।

ਪਿਛਲੀਆਂ ਗਰਮੀਆਂ ਵਿੱਚ, ਅਸੀਂ ਇੱਕ 20 ਸਾਲ ਪੁਰਾਣੇ ਫ਼ੈਸਲੇ ਨੂੰ ਉਲਟਾਇਆ ਜਿਸ ਨਾਲ ਹਜ਼ਾਰਾਂ ਹੀ ਸਿਹਤ ਸੰਭਾਲ ਕਾਮਿਆਂ ਨਾਲ ਹੋਏ ਇਕਰਾਰਾਂ ਰਾਹੀਂ ਉਨ੍ਹਾਂ ਨੂੰ ਨੁਕਸਾਨ ਹੋ ਰਿਹਾ ਸੀ, ਜਿਸ ਨਾਲ ਬੁਨਿਆਦੀ ਤੌਰ 'ਤੇ ਔਰਤਾਂ ਅਤੇ ਰੰਗਦਾਰ ਲੋਕ ਪ੍ਰਭਾਵਤ ਹੋ ਰਹੇ ਸਨ।

ਅਤੇ ਅੱਜ, ਅਸੀਂ ਦੋ ਦਹਾਕੇ ਪਹਿਲਾਂ ਕੀਤੀਆਂ ਗਈਆਂ ਕਟੌਤੀਆਂ ਨੂੰ ਰੱਦ ਕਰ ਰਹੇ ਹਾਂ, ਜਦੋਂ ਪਹਿਲੀ ਸਰਕਾਰ ਨੇ ਅਮੀਰ ਲੋਕਾਂ ਨੂੰ ਟੈਕਸ ਵਿੱਚ ਰਾਹਤਾਂ ਦੇਣ ਵਿੱਚ ਮਦਦ ਦੇਣ ਲਈ ਕਾਮੁਕ ਹਮਲਿਆਂ ਨਾਲ ਸਬੰਧਤ ਸੇਵਾਵਾਂ ਲਈ ਮਾਲੀ ਮਦਦ ਘਟਾ ਦਿੱਤੀ ਸੀ।

ਮੈਨੂੰ ਯਾਦ ਹੈ ਜਦੋਂ ਉਹ ਕਟੌਤੀਆਂ ਕੀਤੀਆਂ ਗਈਆਂ ਸਨ ਕਿਉਂਕਿ ਮੈਂ ਉਸ ਵੇਲੇ ਉਨ੍ਹਾਂ ਲੋਕਾਂ ਨਾਲ ਕੰਮ ਕਰ ਰਹੀ ਸਾਂ ਜੋ ਸਭ ਤੋਂ ਵੱਧ ਪ੍ਰਭਾਵਤ ਹੋਏ ਸਨ, ਔਰਤਾਂ ਅਤੇ ਬੱਚੇ।

ਹੁਣ ਅਸੀਂ ਇਸ ਨੂੰ ਦਰੁਸਤ ਕਰ ਰਹੇ ਹਾਂ।

ਬਜਟ 2022 ਰਾਹੀਂ ਕਾਮੁਕ ਹਮਲਿਆਂ ਤੋਂ ਬਚੇ ਵਿਅਕਤੀਆਂ ਦੀ ਮਦਦ ਲਈ ਅਤੇ 50 ਕਾਮੁਕ ਹਮਲਿਆਂ ਨਾਲ ਸਬੰਧਤ ਸੇਵਾ ਕੇਂਦਰਾਂ ਨੂੰ ਸਥਿਰ ਮਾਲੀ ਮਦਦ ਬਹਾਲ ਕਰਨ ਲਈ $22 ਮਿਲੀਅਨ ਮੁਹੱਈਆ ਕਰਾਏ ਗਏ ਹਨ।

ਸਪੀਕਰ ਸਾਹਿਬ, ਭਾਵੇਂ ਕੁਝ ਲੋਕ ਸਿਰਫ਼ ਵੇਖਦੇ ਰਹਿਣ ਦਾ ਫ਼ੈਸਲਾ ਕਰਦੇ ਹਨ, ਜਦੋਂ ਸਧਾਰਣ ਬ੍ਰਿਟਿਸ਼ ਕੋਲੰਬੀਆ ਨਿਵਾਸੀ ਪਿਛੜ ਰਹੇ ਹੁੰਦੇ ਹਨ, ਅਸੀਂ ਉਸ ਪਾੜੇ ਨੂੰ ਪੂਰਨ ਲਈ ਸਖ਼ਤ ਮਿਹਨਤ ਕਰ ਰਹੇ ਹਾਂ ਜਿਸ ਨੂੰ ਇਸ ਮਹਾਮਾਰੀ ਨੇ ਹੋਰ ਵੀ ਖ਼ਰਾਬ ਕਰ ਦਿੱਤਾ ਹੈ।

ਬੀ ਸੀ ਵਿੱਚ ਇਸ ਸਮੇਂ ਕਾਮਿਆਂ ਨੂੰ ਹਰ ਸਾਲ ਘੱਟੋ-ਘੱਟ 5 ਦਿਨਾਂ ਦੀ ਤਨਖ਼ਾਹ ਸਮੇਤ ਬਿਮਾਰੀ ਦੀ ਛੁੱਟੀ ਮਿਲਦੀ ਹੈ। ਇਹ ਕੈਨੇਡਾ ਵਿੱਚ ਕਿਸੇ ਵੀ ਸੂਬੇ ਨਾਲੋਂ ਵੱਧ ਹੈ।

ਸਾਡੇ ਕੋਲ ਕਿਸੇ ਵੀ ਸੂਬੇ ਨਾਲ ਸਭ ਤੋਂ ਵੱਧ ਘਟੋ-ਘੱਟ ਉਜਰਤ ਹੈ, ਜਿਸ ਅਧੀਨ ਇਹ ਯੋਜਨਾ ਹੈ ਕਿ ਭਵਿੱਖ ਦੇ ਵਾਧਿਆਂ ਨੂੰ ਮਹਿੰਗਾਈ ਦੀ ਦਰ ਨਾਲ ਜੋੜ ਦਿੱਤਾ ਜਾਵੇ।

ਇਹ ਵਿਕਲਪ ਹਨ। ਉਹ ਫ਼ੈਸਲੇ ਜਿਨ੍ਹਾਂ ‘ਤੇ ਪਹਿਰਾ ਦੇਣ ਵਿੱਚ ਸਾਡੀ ਸਰਕਾਰ ਮਾਣ ਮਹਿਸੂਸ ਕਰਦੀ ਹੈ। ਅਤੇ ਇਹ ਉਨ੍ਹਾਂ ਫ਼ੈਸਲਿਆਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਨੇ ਇਸ ਵਰ੍ਹੇ ਦੇ ਬਜਟ ਦਾ ਮੂੰਹ-ਮੁਹਾਂਦਰਾ ਘੜਿਆ ਹੈ।

ਬਜਟ 2022 ਰਾਹੀਂ ਇੱਕ ਵਧੇਰੇ ਮਜ਼ਬੂਤ ਬ੍ਰਿਟਿਸ਼ ਕੋਲੰਬੀਆ ਦਾ ਨਿਰਮਾਣ ਕਰਨ ਦਾ ਸਾਡਾ ਕਾਰਜ ਜਾਰੀ ਰੱਖਿਆ ਗਿਆ ਹੈ – ਆਰਥਕ, ਸਮਾਜਕ ਅਤੇ ਵਾਤਾਵਰਣ ਦੇ ਲਿਹਾਜ਼ ਨਾਲ।

## ਇੱਕ ਵਧੇਰੇ ਮਜ਼ਬੂਤ ਆਰਥਕਤਾ ਦਾ ਨਿਰਮਾਣ

ਇੱਕ ਵਿਸ਼ਵ-ਪੱਧਰੀ ਮਹਾਮਾਰੀ ਦੇ ਬਾਵਜੂਦ, ਸਪੀਕਰ ਸਾਹਿਬ, ਬੀ ਸੀ ਸਾਰੇ ਹੀ ਤਿੰਨਾਂ ਮੁਹਾਜ਼ਾਂ ‘ਤੇ ਮਜ਼ਬੂਤੀ ਨਾਲ ਖੜ੍ਹਾ ਰਿਹਾ ਹੈ।

ਅਤੇ ਬਜਟ 2022 ਰਾਹੀਂ ਇਨ੍ਹਾਂ ਸ਼ਕਤੀਆਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਿਆ ਗਿਆ ਹੈ।

ਬ੍ਰਿਟਿਸ਼ ਕੋਲੰਬੀਆ ਦੀ ਆਰਥਕ ਮੁੜ-ਬਹਾਲੀ ਕੌਮ ਦੀ ਅਗਵਾਈ ਕਰ ਰਹੀ ਹੈ।

ਸੂਬਿਆਂ ਵਿੱਚੋਂ, ਸਾਡੀ ਬੇਰੁਜ਼ਗਾਰੀ ਦੀ ਦਰ ਸਭ ਤੋਂ ਘੱਟ ਚਲੀ ਆ ਰਹੀ ਹੈ ਅਤੇ ਇਸ ਮਹਾਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਸਾਡੀ ਰੁਜ਼ਗਾਰ ਦੇ ਵਧਣ ਦੀ ਦਰ ਸਭ ਤੋਂ ਤੇਜ਼ ਹੈ।

ਅਸਲ ਵਿੱਚ, ਪਿਛਲੇ ਸਾਲ ਦੌਰਾਨ ਹੀ ਇੱਥੇ 160,000 ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਗਈਆਂ।

ਇਸ ਵਿੱਚ ਉਹ ਮਹੱਤਵਪੂਰਣ ਜਨਤਕ ਸੇਵਾਵਾਂ ਸ਼ਾਮਲ ਹਨ ਜੋ ਵਧੇਰੇ ਲੋਕਾਂ ਦੁਆਰਾ ਮੁਹੱਈਆ ਕਰਾਈਆਂ ਜਾਂਦੀਆਂ ਹਨ, ਜਿਵੇਂ ਕਿ ਹੈੱਲਥਕੇਅਰ ਏਡ ਅਤੇ ਅਧਿਆਪਕ।

ਇਸ ਵਿੱਚ ਪੂਰੇ ਸੂਬੇ ਵਿਚਲੇ ਭਾਈਚਾਰਿਆਂ ਵਿੱਚ ਨਿੱਜੀ ਖੇਤਰ ਵਿੱਚ ਹਜ਼ਾਰਾਂ ਨਵੀਆਂ ਨੌਕਰੀਆਂ ਵੀ ਸ਼ਾਮਲ ਹਨ।

ਉਹ ਹਰ ਵਿਅਕਤੀ ਜਿਸ ਨੇ ਅੱਗੇ ਵਧ ਕੇ ਸਾਡੇ ਸੂਬੇ ਨੂੰ ਮਜ਼ਬੂਤ ਬਣਾ ਕੇ ਰੱਖਿਆ, ਉਸਦਾ ਧੰਨਵਾਦ।

ਪੂਰੇ ਦੇਸ਼ ਵਿੱਚ, ਬੀ ਸੀ ਨੂੰ ਰਹਿਣ ਅਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ ਇੱਕ ਸ਼ਾਨਦਾਰ ਸਥਾਨ ਵੱਜੋ ਜਾਣਿਆਂ ਜਾਂਦਾ ਹੈ।

ਪਿਛਲੇ ਸਾਲ, ਅਸੀਂ ਲਗਭਗ ਪਿਛਲੇ ਤਿੰਨ ਦਹਾਕਿਆਂ ਦੌਰਾਨ ਦੂਜੇ ਸੂਬਿਆਂ ਵਿੱਚੋਂ ਲੋਕਾਂ ਦਾ ਸਭ ਤੋਂ ਵੱਡਾ ਅਸਲ ਪ੍ਰਵਾਸ ਦੇਖਿਆ ਹੈ।

ਬੀ ਸੀ ਨੂੰ ਕੰਮ ਕਰਨ ਅਤੇ ਨਿਵੇਸ਼ ਕਰਨ ਲਈ ਵੀ ਇੱਕ ਸ਼ਾਨਦਾਰ ਸਥਾਨ ਵਜੋਂ ਜਾਣਿਆ ਜਾਂਦਾ ਹੈ।

ਕੇਵਲ ਇੱਕ ਉਦਾਹਰਣ ਦੇ ਤੌਰ ‘ਤੇ, 2021 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਖਾਣਾਂ ਦੀ ਖੁਦਾਈ ਤੋਂ $600 ਮਿਲੀਅਨ ਤੋਂ ਵੱਧ ਦੀ ਆਮਦਨ ਹੋਈ।

ਸਪੀਕਰ ਸਾਹਿਬ, ਇਹ ਇੱਕ ਦਹਾਕੇ ਦਾ ਸਭ ਤੋਂ ਉੱਚਾ ਪੱਧਰ ਹੈ।

ਬਜਟ 2022 ਦੇ ਹਿੱਸੇ ਵਜੋਂ, ਤਿੰਨ ਸਾਲਾਂ ਦੌਰਾਨ ਖਾਣਾਂ ਦੇ ਖੇਤਰ ਦੇ ਨਿਰੰਤਰ ਵਿਕਾਸ ਨੂੰ ਮਜ਼ਬੂਤ ਕਰਨ ਲਈ ਅਸੀਂ $18 ਮਿਲੀਅਨ ਰੱਖੇ ਹਨ।

ਇਸ ਨਵੀਂ ਮਾਲੀ ਮਦਦ ਨਾਲ ਬੀ ਸੀ ਦਾ ਮਾਈਨਿੰਗ ਖੇਤਰ ਸਥਿਰਤਾ, ਰੁਜ਼ਗਾਰ ਉਤਪੰਨ ਕਰਨ ਅਤੇ ਮੇਲ-ਮਿਲਾਪ ਵਧਾਉਣ ਦੇ ਲਿਹਾਜ਼ ਨਾਲ ਮੋਹਰਲੀ ਕਤਾਰ ਵਿੱਚ ਰਹੇਗਾ।

ਸਾਡਾ ਸੂਬਾ ਵਧ ਫੁੱਲ ਰਹੇ ਲਾਈਫ਼ ਸਾਇੰਸਜ਼ ਖੇਤਰ ਦਾ ਵੀ ਘਰ ਹੈ।

ਇਹ ਤੱਥ ਧਿਆਨ ਦੇਣ ਯੋਗ ਹੈ ਕਿ ਬੀ ਸੀ ਦੇ ਵਿਆਗਨਕ ਅਤੇ ਕੰਪਨੀਆਂ ਉਸ ਹਰ ਕੋਵਿਡ-19 ਵੈਕਸੀਨ ਨਾਲ ਸ਼ਾਮਲ ਸਨ ਜੋ ਵਿਕਾਸ ਦੇ ਅੰਤਿਮ ਪੜਾਵਾਂ ਤੱਕ ਪਹੁੰਚੀ।

ਅਸੀਂ ਜੀਨੋਮ ਬੀ ਸੀ ਅਤੇ ਮਾਈਕਲ ਸਮਿਥ ਹੈੱਲਥ ਰਿਸਰਚ ਫਾਊਂਡੇਸ਼ਨ ਨੂੰ ਲਗਭਗ $200 ਮਿਲੀਅਨ ਮੁਹੱਈਆ ਕਰਾ ਕੇ ਇਸ ਖੇਤਰ ਦਾ ਦਾਇਰਾ ਵਧਾਉਣਾ ਜਾਰੀ ਰੱਖ ਰਹੇ ਹਾਂ।

ਇਸ ਨਿਵੇਸ਼ ਨਾਲ ਨਿਰੰਤਰ ਵਿਕਾਸ, ਨਵੀਆਂ ਵਿਗਿਆਨਕ ਖੋਜਾਂ ਅਤੇ ਨਾਲ ਦੀ ਨਾਲ ਆਰਥਕ ਅਵਸਰ ਪੈਦਾ ਕਰਨ ਵਿੱਚ ਮਦਦ ਮਿਲੇਗੀ।

ਇੱਥੇ ਬ੍ਰਿਟਿਸ਼ ਕੋਲੰਬੀਆ ਵਿੱਚ ਸਥਾਨਕ ਹੁਨਰਮੰਦ ਲੋਕ ਵਿਸ਼ਵ-ਪੱਧਰੀ ਨਵੀਨਤਾਕਾਰੀ ਨੂੰ ਰਫ਼ਤਾਰ ਦੇ ਰਹੇ ਹਨ।

ਸਾਨੂੰ ਇਸ ਦੇ ਜਾਰੀ ਰਹਿਣ ਦੀ ਉਮੀਦ ਹੈ, ਖ਼ਾਸਕਰ ਇਸ ਲਈ ਕਿ ਇਨ-ਬੀ ਸੀ- ਜੋ ਸਾਡਾ ਰਣਨੀਤਕ ਨਿਵੇਸ਼ ਫੰਡ ਹੈ- ਰਾਹੀਂ ਬੀ ਸੀ ਦੇ ਕਾਰੋਬਾਰਾਂ ਨੂੰ ਸਹਾਰਾ ਦੇਣਾ ਸ਼ੁਰੂ ਕੀਤਾ ਗਿਆ ਹੈ।

ਸਾਡੇ ਸੂਬੇ ਵਿੱਚ ਚੰਗੀਆਂ ਚੀਜ਼ਾਂ ਵਾਪਰ ਰਹੀਆਂ ਹਨ ਅਤੇ ਸਾਰੇ ਸੰਕੇਤ ਇੱਕ ਸਥਿਤੀ ਅਨੁਸਾਰ ਢਲ ਸਕਣ ਵਾਲੀ ਮਹਾਮਾਰੀ ਤੋਂ ਬਾਦ ਦੀ ਆਰਥਕਤਾ ਵੱਲ ਇਸ਼ਾਰਾ ਕਰਦੇ ਹਨ।

ਇਹ, ਸਪੀਕਰ ਸਾਹਿਬ, ਉਹ ਮੌਕਾ ਹੈ ਜਿੱਥੇ ਸਟ੍ਰੌਂਗਰ ਬੀ ਸੀ ਇਕਨੌਮਿਕ ਪਲੈਨ ਦਾ ਕੰਮ ਸ਼ੁਰੂ ਹੁੰਦਾ ਹੈ।

ਆਉਣ ਵਾਲੇ ਕੱਲ੍ਹ ਦੀਆਂ ਉੱਚ ਦੇਖਭਾਲ ਅਤੇ ਅਲਪ-ਕਾਰਬਨ ਆਰਥਕਤਾ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਅਸੀਂ ਅੱਜ ਦੇ ਹੁਨਰਮੰਦ ਲੋਕਾਂ ਵਿੱਚ ਨਿਵੇਸ਼ ਕਰ ਰਹੇ ਹਾਂ।

ਅਗਲੇ 10 ਸਾਲਾਂ ਦੇ ਅੰਦਰ, ਲੇਬਰ ਮਾਰਕਿਟ ਸਬੰਧੀ ਭਵਿੱਖਬਾਣੀਆਂ ਦਾ ਅੰਦਾਜ਼ਾ ਹੈ ਕਿ ਬੀ ਸੀ ਵਿੱਚ ਇੱਕ ਮਿਲੀਅਨ ਤੋਂ ਵੱਧ ਨੌਕਰੀਆਂ ਦੇ ਮੌਕੇ ਉਪਲਬਧ ਹੋਣਗੇ।

ਇਨ੍ਹਾਂ ਨੌਕਰੀਆਂ ਵਿੱਚੋਂ ਲਗਭਗ 80% ਲਈ ਪੋਸਟ-ਸੈਕੰਡਰੀ ਸਿੱਖਿਆ ਜਾਂ ਸਿਖਲਾਈ ਦੀ ਲੋੜ ਪਵੇਗੀ।

ਬੀ ਸੀ ਦੇ ਕਾਰਜਬਲ ਨੂੰ ਤਿਆਰ ਕਰਨਾ ਇੱਕ ਪੀੜ੍ਹੀ ਨੂੰ ਪ੍ਰਭਾਸ਼ਿਤ ਕਰਨ ਵਾਲੀ ਚੁਣੌਤੀ ਹੈ।

ਇਹ ਇੱਕ ਅਵਸਰ ਵੀ ਹੈ। ਸਾਡੀ ਸਟ੍ਰੌਂਗਰ ਬੀ ਸੀ ਇਕਨੌਮਿਕ ਪਲੈਨ ਹੁਨਰਮੰਦੀ ਵਿਚਲੇ ਪਾੜੇ ਨੂੰ ਭਰਨ ਲਈ ਪ੍ਰਤੀਬੱਧ ਹੈ।

ਹੁਨਰਮੰਦ ਕਿੱਤੇ ਇੱਕ ਵਧੀਆ ਮਿਸਾਲ ਹਨ।

ਅਸੀਂ ਇੱਕ ਨਵੇਂ ਸਰਟੀਫਿਕੇਸ਼ਨ ਸਿਸਟਮ ਰਾਹੀਂ ਸਿਖਾਂਦਰੂਆਂ ਅਤੇ ਟ੍ਰੇਡ ਕਾਮਿਆਂ ਲਈ ਵਧੇਰੇ ਚੰਗੀਆਂ ਤਨਖ਼ਾਹਾਂ, ਵਧੇਰੇ ਸਥਿਰ ਨੌਕਰੀਆਂ ਲਈ ਮਦਦ ਦੇ ਰਹੇ ਹਾਂ।

ਬਜਟ 2022 ਰਾਹੀਂ ਟ੍ਰੇਡ ਵਰਕਰਾਂ ਲਈ ਨਵੀਆਂ ਸਿਖਲਾਈ ਸੀਟਾਂ ਅਤੇ ਉਦੇਸ਼ ਅਧੀਨ ਪ੍ਰੋਗਰਾਮਾਂ ਨਾਲ ਇਨ੍ਹਾਂ ਕੋਸ਼ਿਸਾਂ ਨੂੰ ਤੇਜ਼ ਕਰਨ ਦੇ ਨਾਲ ਨਾਲ ਕੰਮ ਵਾਲੀਆਂ ਥਾਵਾਂ ‘ਤੇ ਵਧੇਰੇ ਨਿਗਰਾਨੀ ਅਤੇ ਕਾਨੂੰਨ ਦੀ ਪਾਲਣਾ ਨਾਲ ਸਬੰਧਤ ਗਤੀਵਿਧੀਆਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਦੂਜੇ ਉੱਚ ਵਿਕਾਸ ਵਾਲੇ ਖੇਤਰ, ਜਿਵੇਂ ਕਿ ਸਿਹਤ ਸੰਭਾਲ ਅਤੇ ਟੈਕਨਾਲੋਜੀ, ਉਹੀ ਖੇਤਰ ਹਨ ਜਿਨ੍ਹਾਂ ‘ਤੇ ਸਾਡੀ ਸਰਕਾਰ 2017 ਤੋਂ ਧਿਆਨ ਕੇਂਦ੍ਰਿਤ ਕਰਦੀ ਆ ਰਹੀ ਹੈ।

ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਲੈ ਕੇ ਉਕਾਨਾਗਨ ਕਾਲਜ ਅਤੇ ਬ੍ਰਿਟਿਸ਼ ਕੋਲੰਬੀਆ ਇੰਸਟੀਚਿਊਟ ਔਫ਼ ਟੈਕਨਾਲੋਜੀ ਤੱਕ, ਅਸੀਂ ਪਹਿਲਾਂ ਹੀ ਪੂਰੇ ਸੂਬੇ ਵਿੱਚ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ 2,600 ਨਵੀਆਂ ਟੈੱਕ ਥਾਵਾਂ ਤਿਆਰ ਕੀਤੀਆਂ ਹਨ।

2017 ਤੋਂ ਲੈ ਕੇ, ਸਾਡੇ ਸੂਬੇ ਵਿੱਚ ਕਿਸੇ ਵੀ ਹੋਰ ਸੂਬੇ ਨਾਲੋਂ ਨਰਸਿੰਗ ਕਾਰਜਬਲ ਦਾ ਸਭ ਤੋਂ ਤੇਜ਼ ਵਿਕਾਸ ਹੋਇਆ ਹੈ। 500 ਹੋਰ ਨਰਸਿੰਗ ਸੀਟਾਂ ਸ਼ਾਮਲ ਕਰਨ ਦੀ ਸਾਡੀ ਚੱਲ ਰਹੀ ਪ੍ਰਤੀਬੱਧਤਾ ਨਾਲ ਇਸ ਰੁਝਾਨ ਨੂੰ ਜਾਰੀ ਰੱਖਿਆ ਜਾਵੇਗਾ।

ਇਨ੍ਹਾਂ ਗਰੈਜੂਏਟਾਂ ਨਾਲ ਫ਼ੌਰੀ ਤੌਰ ‘ਤੇ ਫ਼ਰਕ ਪੈ ਰਿਹਾ ਹੈ।

ਮੇਰਾ ਧਿਆਨ ਪਰਮ ਵੱਲ ਜਾਂਦਾ ਹੈ, ਜੋ ਕਿ ਡਗਲਸ ਕਾਲਜ ਵਿੱਚ ਨਰਸਿੰਗ ਦੀ ਵਿਦਿਆਰਥਣ ਹੈ, ਜਿਸ ਨੇ ਮੈਨੂੰ ਦੱਸਿਆ ਕਿ ਸਿਰਫ਼ੇ ਦੋ ਕੁ ਮਹੀਨਿਆਂ ਵਿੱਚ ਜਦੋਂ ਉਹ ਗਰੈਜੂਏਟ ਕਰ ਜਾਵੇਗੀ, ਤਾਂ ਉਹ ਆਪਣੀ ਊਰਜਾ ਅਤੇ ਹੁਨਰ ਨੂੰ ਆਪਣੀ ਨੌਕਰੀ ਵਿੱਚ ਵਰਤਣ ਲਈ ਕਿੰਨੀ ਉਤਸਕ ਹੈ।

ਸਪੀਕਰ ਸਾਹਿਬ, ਜਦੋਂ ਅਸੀਂ ਨਵੇਂ ਅਵਸਰ ਪੈਦਾ ਕਰ ਰਹੇ ਹਾਂ, ਅਸੀਂ ਘੱਟ ਪ੍ਰਤੀਨਿਧਤਾ ਵਾਲੇ ਭਾਈਚਾਰਿਆਂ ਲਈ ਰੁਕਾਵਟਾਂ ਨੂੰ ਵੀ ਖ਼ਤਮ ਕਰ ਰਹੇ ਹਾਂ।

ਇਹ ਇੱਕ ਵਧੇਰੇ ਸਮਾਵੇਸ਼ੀ ਆਰਥਕਤਾ ਦਾ ਨਿਰਮਾਣ ਕਰਨ ਦੇ ਸਾਡੇ ਨਿਰੰਤਰ ਕਾਰਜ ਦਾ ਹਿੱਸਾ ਹੈ। ਅਤੇ ਸਾਨੂੰ ਨਤੀਜੇ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ।

ਵਧੇਰੇ ਔਰਤਾਂ, ਨੌਜਵਾਨ ਅਤੇ ਮੂਲਵਾਸੀ ਲੋਕ ਮਹਾਮਾਰੀ ਤੋਂ ਪਹਿਲਾਂ ਦੇ ਸਮੇਂ ਨਾਲੋਂ ਵਧੇਰੇ ਗਿਣਤੀ ਵਿੱਚ ਮੌਜੂਦਾ ਸਮੇਂ ਕੰਮ ਕਰ ਰਹੇ ਹਨ।

ਹਜ਼ਾਰਾਂ ਹੀ ਮੂਲਵਾਸੀ ਵਿਦਿਆਰਥੀ ਅਰਲੀ ਚਾਈਲਡਹੁਡ ਐਜੂਕੇਸ਼ਨ, ਸਿਹਤ ਸੰਭਾਲ ਅਤੇ ਹੋਰਨਾਂ ਕਿੱਤਿਆਂ ਵਿੱਚ ਸਿਖਲਾਈ ਦੇ ਨਵੇਂ ਮੌਕਿਆਂ ਤੱਕ ਪਹੁੰਚ ਕਰ ਰਹੇ ਹਨ।

ਅਸੀਂ ਕਿੱਤੇ ਨੂੰ ਦਰਮਿਆਨ ਵਿੱਚ ਤਬਦੀਲ ਕਰਨ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਵੀ ਸਹਾਇਤਾ ਸਾਧਨ ਦੇ ਰਹੇ ਹਾਂ।

ਨਵੇਂ ਮਾਈਕ੍ਰੋ ਕ੍ਰੀਡੈਂਸ਼ੀਅਲ ਰਾਹੀਂ ਹਜ਼ਾਰਾਂ ਲੋਕਾਂ ਨੂੰ ਸਥਾਪਤ ਅਤੇ ਉਭਰ ਰਹੇ ਖੇਤਰਾਂ ਵਿੱਚ ਰੁਜ਼ਗਾਰ ਹਾਸਲ ਕਰਨ ਵਿੱਚ ਮਦਦ ਮਿਲ ਰਹੀ ਹੈ।

ਬੀ ਸੀ ਆਈ ਟੀ ਦਾ ਮਾਸ ਟਿੰਬਰ ਬਾਰੇ ਕੋਰਸ ਇਸ ਦੀ ਇੱਕ ਸ਼ਾਨਦਾਰ ਮਿਸਾਲ ਹੈ। ਗਰੈਜੂਏਟਾਂ ਨੂੰ ਨਵੇਂ ਵਿਦਿਆਰਥੀਆਂ ਲਈ ਰਿਹਾਇਸ਼ਾਂ ਤੋਂ ਲੈ ਕੇ ਸਿਹਤ ਸੰਭਾਲ ਸਹੂਲਤਾਂ ਤੱਕ ਪ੍ਰੋਜੈਕਟਾਂ ਦੇ ਇੱਕ ਵੱਡੇ ਦਾਇਰੇ ਅੰਦਰ ਕੰਮ ਮਿਲ ਸਕੇਗਾ।

ਅਜਿਹੇ ਪ੍ਰੋਗਰਾਮਾਂ ਰਾਹੀਂ ਇਹ ਨਿਸ਼ਚਿਤ ਹੁੰਦਾ ਹੈ ਕਿ ਕਾਮੇ, ਜਿਨ੍ਹਾਂ ਵਿੱਚ ਬੀ ਸੀ ਦੇ ਜੰਗਲਾਤ ਖੇਤਰ ਦੇ ਕਾਮੇ ਸ਼ਾਮਲ ਹਨ, ਆਰਥਕ ਵਿਕਾਸ ਨੂੰ ਅਗਾਂਹ ਤੋਰ ਰਹੇ ਹਨ।

ਸਪੀਕਰ ਸਾਹਿਬ, ਜੰਗਲਾਤ ਦਾ ਖੇਤਰ ਸਾਡੇ ਸੂਬੇ ਦੀ ਆਰਥਕਤਾ ਦੀ ਬੁਨਿਆਦ ਹੈ, ਅਤੇ ਰਹੇਗਾ।

ਬੀ ਸੀ ਦੇ ਜੰਗਲਾਂ ਨੂੰ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਲਈ ਅਸੀਂ, ਇੱਕ ਨਵੀਂ, ਸਥਿਰ ਪਹੁੰਚ ਵੱਲ ਕਦਮ ਵਧਾ ਰਹੇ ਹਾਂ।

ਇੱਕ ਅਜਿਹੀ ਪਹੁੰਚ ਜੋ ਆਕਾਰ ਨਾਲੋਂ ਕੀਮਤ ਨੂੰ ਤਰਜੀਹ ਦਿੰਦੀ ਹੈ। ਅਤੇ ਜੋ ਸਾਡੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਧ ਖ਼ਤਰੇ ਅਧੀਨ ਜੰਗਲਾਂ ਨੂੰ ਸਾਡੀਆਂ ਭਵਿੱਖ ਦੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਦੀ ਹੈ।

ਜਿਵੇਂ ਜਿਵੇਂ ਅਸੀਂ ਇਨ੍ਹਾਂ ਚਿਰ ਤੋਂ ਉਡੀਕੀਆਂ ਜਾ ਰਹੀਆਂ ਤਬਦੀਲੀਆਂ ਵੱਲ ਕਦਮ ਵਧਾ ਰਹੇ ਹਾਂ, ਸਾਡੀ ਸਰਕਾਰ ਇਹ ਨਿਸ਼ਚਿਤ ਕਰੇਗੀ ਕਿ ਕੋਈ ਪਿਛਾਂਹ ਨਾ ਰਹਿ ਜਾਵੇ।

ਪ੍ਰਭਾਵਤ ਹੋਏ ਜੰਗਲਾਤ ਕਾਮਿਆਂ ਅਤੇ ਠੇਕੇਦਾਰਾਂ, ਉਦਯੋਗ, ਭਾਈਚਾਰਿਆਂ ਅਤੇ ਫਸਟ ਨੇਸ਼ਨਜ਼ ਨੂੰ ਸਹਾਇਤਾ ਦੇਣ ਲਈ ਬਜਟ 2022 ਵਿੱਚ ਤਿੰਨ ਸਾਲਾਂ ਦੌਰਾਨ $185 ਮਿਲੀਅਨ ਮੁਹੱਈਆ ਕਰਾਏ ਗਏ ਹਨ।

ਕਾਮਿਆਂ ਲਈ, ਇਸ ਵਿੱਚ ਰਿਟਾਇਰਮੈਂਟ ਨਾਲ ਜੋੜਣ ਦਾ ਪ੍ਰੋਗਰਾਮ ਸ਼ਾਮਲ ਹੈ, ਜਿਸ ਰਾਹੀਂ ਮਾਸ ਟਿੰਬਰ ਵਰਗੀ ਨਵੀਨਤਾਕਾਰੀ ਰਾਹੀਂ ਅਤੇ ਲੋਕਾਂ ਨੂੰ ਹੁਨਰ ਸਿਖਲਾਈ ਨਾਲ ਜੋੜ ਕੇ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ।

ਭਾਈਚਾਰਿਆਂ ਲਈ, ਇਸ ਰਾਹੀਂ ਕਾਰੋਬਾਰਾਂ ਨਾਲ ਭਾਈਵਾਲੀਆਂ, ਵਧੇਰੇ ਵਿਵਿਧ ਸਥਾਨਕ ਆਰਥਕਤਾਵਾਂ ਅਤੇ ਨਵੇਂ ਸਥਾਨਕ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਰਾਹੀਂ ਰੁਜ਼ਗਾਰ ਪੈਦਾ ਕਰਨ ਵਿੱਚ ਸਹਾਇਤਾ ਮਿਲੇਗੀ।

ਭਾਈਚਾਰਿਆਂ ਅਤੇ ਫਸਟ ਨੇਸ਼ਨਜ਼ ਲਈ ਰੀ-ਡਿਸ੍ਰਟੀਬਿਊਟਿਡ ਫੌਰੇਸਟ ਟੈਨਿਊਰਜ਼ ਰਾਹੀਂ ਹੋਰ ਵਧੇਰੇ ਮੌਕੇ ਪੈਦਾ ਹੋਣਗੇ।

ਸਾਡਾ ਇਰਾਦਾ ਹੈ ਕਿ ਫਸਟ ਨੇਸ਼ਨਜ਼ ਨੂੰ ਹਾਸਲ ਤਬਦੀਲੀਯੋਗ ਫੌਰੈਸਟ ਟੈਨਿਊਰ ਦੀ ਰਕਮ ਨੂੰ ਦੁੱਗਣਾ ਕਰ ਦਿੱਤਾ ਜਾਵੇ।

ਸਪੀਕਰ ਸਾਹਿਬ, ਇਹ ਕੇਵਲ ਇੱਕ ਅਜਿਹੀ ਉਦਾਹਰਣ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਮੇਲ-ਮਿਲਾਪ ਕਿਸ ਤਰ੍ਹਾਂ ਅੱਗੇ ਵਧ ਰਿਹਾ ਹੈ।

ਇਸ ਵਰ੍ਹੇ ਦੇ ਬਜਟ ਰਾਹੀਂ ਅਗਲੇ ਤਿੰਨ ਸਾਲਾਂ ਦੌਰਾਨ $12 ਮਿਲੀਅਨ ਨਾਲ ਇੱਕ ਨਵਾਂ ਡੈਕਲੇਰੇਸ਼ਨ ਐਕਟ ਸੈਕਰੇਟ੍ਰੀਏਟ ਬਣਾਇਆ ਜਾ ਰਿਹਾ ਹੈ।

ਇਸ ਦਾ ਕੰਮ ਇਹ ਨਿਸ਼ਚਿਤ ਕਰਨਾ ਹੋਵੇਗਾ ਕਿ ਕਾਇਦੇ ਕਾਨੂੰਨ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨਾਲ ਮੇਲ ਖਾਂਦੇ ਹੋਣ ਅਤੇ ਇਸ ਨੂੰ ਮੂਲਵਾਸੀ ਲੋਕਾਂ ਦੀ ਸਲਾਹ ਅਤੇ ਸਹਿਯੋਗ ਨਾਲ ਵਿਕਸਤ ਕੀਤਾ ਗਿਆ ਹੋਵੇ।

ਇਸ ਤੋਂ ਇਲਾਵਾ ਬਜਟ 2022 ਰਾਹੀਂ ਸਾਡੀ ਸਰਕਾਰ ਵੱਲੋਂ ਮੂਲਵਾਸੀ ਰਿਹਾਇਸ਼ਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਿਆ ਗਿਆ ਹੈ।

ਅਸੀਂ ਇੱਕੋ-ਇੱਕ ਅਜਿਹਾ ਸੂਬਾ ਹਾਂ ਜੋ ਰਿਜ਼ਰਵ ਭੂਮੀ ‘ਤੇ ਅਤੇ ਉਸ ਤੋਂ ਬਾਹਰ ਘਰਾਂ ਦੀ ਉਸਾਰੀ ਕਰ ਰਿਹਾ ਹੈ ਅਤੇ ਕਰਦਾ ਆ ਰਿਹਾ ਹੈ।

ਐਬੋਰਿਜਨਲ ਹੈੱਡ ਸਟਾਰਟ ਪ੍ਰੋਗਰਾਮ ਨੂੰ ਦਿੱਤੀ ਗਈ ਨਵੀਂ ਮਾਲੀ ਮਦਦ ਨਾਲ ਸੱਭਿਆਚਾਰ-ਅਧਾਰਤ ਮੁਢਲੀ ਸਿੱਖਿਆ ਦੇ ਵਧੇਰੇ ਮੌਕੇ ਪੈਦਾ ਕਰਨ ਵਿੱਚ ਮਦਦ ਮਿਲੇਗੀ।

ਮੈਨੂੰ ਗਿਟਵਾਨਗੈਕ ਫਸਟ ਨੇਸ਼ਨਜ਼ ਵਿਚਲੇ ਇੱਕ ਪ੍ਰੀ-ਸਕੂਲ ਦਾ ਖ਼ਿਆਲ ਆਉਂਦਾ ਹੈ, ਜਿੱਥੇ ਬੱਚੇ ਗਿਟਕਸਨ ਭਾਸ਼ਾ ਸਿੱਖ ਰਹੇ ਹਨ, ਕਲੈਨ ਹਾਊਸਾਂ ਵਿੱਚ ਖੇਡ ਰਹੇ ਹਨ ਅਤੇ ਹੀਲਿੰਗ ਸਰਕਲਾਂ ਵਿੱਚ ਹਿੱਸਾ ਲੈ ਰਹੇ ਹਨ।

ਪੂਰੇ ਸੂਬੇ ਵਿੱਚ ਮੂਲਵਾਸੀ ਭਾਈਚਾਰਿਆਂ ਲਈ ਇਹੋ ਜਿਹੇ ਪ੍ਰੋਗਰਾਮਾਂ ਦਾ ਅਗਲੀ ਪੀੜ੍ਹੀ ਨੂੰ ਲਾਭ ਹੋ ਰਿਹਾ ਹੈ।

ਸਪੀਕਰ ਸਾਹਿਬ, ਇੱਕ ਮਜ਼ਬੂਤ ਆਰਥਕਤਾ ਹਰ ਕਿਸੇ ਲਈ ਅਰਥਪੂਰਣ ਅਵਸਰ ਪੈਦਾ ਕਰਦੀ ਹੈ- ਬਿਨਾਂ ਇਸ ਗੱਲ ਦਾ ਖਿਆਲ ਕੀਤਿਆਂ ਕਿ ਉਸ ਦੀ ਉਮਰ, ਤਨਖ਼ਾਹ ਜਾਂ ਪੋਸਟਲ ਕੋਡ ਕੀ ਹੈ।

ਅੱਜ ਦੀ ਦੁਨੀਆ ਵਿੱਚ ਡਿਜਿਟਲ ਪਾੜੇ ਨੂੰ ਭਰਨ ਨਾਲ ਸਭ ਲਈ ਰਸਤਾ ਪੱਧਰ ਕਰਨ ਵਿੱਚ ਮਦਦ ਮਿਲਦੀ ਹੈ।

ਇਹੀ ਕਾਰਣ ਹੈ ਕਿ ਪਹਿਲੇ ਦਿਨ ਤੋਂ ਲੈ ਕੇ ਕੁਨੈੱਕਟੀਵਿਟੀ ਸਾਡੀ ਸਰਕਾਰ ਦੀ ਇੱਕ ਪ੍ਰਮੁੱਖ ਤਰਜੀਹ ਰਹੀ ਹੈ।

ਰਿਕਾਰਡ ਪੱਧਰ ਦੀ ਮਾਲੀ ਮਦਦ ਨਾਲ ਪਹਿਲਾਂ ਹੀ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ 500 ਗ੍ਰਾਮੀਣ, ਦੂਰ-ਦੁਰਾਡੇ ਭਾਈਚਾਰਿਆਂ ਤੱਕ ਹਾਈਸਪੀਡ ਇੰਟਰਨੈੱਟ ਲਿਆਂਦਾ ਜਾ ਰਿਹਾ ਹੈ।

ਇਹ ਇੱਕ ਪਰਿਵਰਤਨਸ਼ੀਲ ਕਾਰਜ ਹੈ ਜੋ ਪੂਰੇ ਦੇ ਪੂਰੇ ਸੂਬੇ ਵਿੱਚ ਚੱਲ ਰਿਹਾ ਹੈ।

ਅੱਜ ਦੋ ਸਮੁੰਦਰੀ ਜਹਾਜ਼ ਸਾਡੇ ਸਮੁੰਦਰੀ ਕਿਨਾਰਿਆਂ ਵੱਲ ਆ ਰਹੇ ਹਨ ਜੋ ਪ੍ਰਿੰਸ ਰੁਪਰਟ ਤੋਂ ਲੈ ਕੇ ਹਾਇਦਾ ਗਵਈ ਅਤੇ ਦੱਖਣੀ ਵੈਨਕੂਵਰ ਆਈਲੈਂਡ ਤੱਕ ਫ਼ਾਈਬਰ ਔਪਟਿਕ ਕੇਬਲ ਵਿਛਾ ਰਹੇ ਹਨ।

ਇਹ ਮੁਸ਼ਕਲ ਕਾਰਜ ਹੈ। ਜਨਵਰੀ ਦੇ ਅੰਤ ਤੱਕ, ਇਸ ਅਮਲੇ ਵੱਲੋਂ ਲਾਕਸ ਕਿਲਾਵੈਟਲਮਸ, ਮੈਟਲਾਕੈਟਲਾ ਅਤੇ ਡੌਜ ਕੋਵ ਤੋਂ ਸਮੁੰਦਰ ਵੱਲ ਪਹਿਲੇ 50 ਕਿਲੋਮੀਟਰ ਵਿੱਚ ਕੇਬਲ ਵਿਛਾਈ ਗਈ।

ਇਸਦੇ ਹਰ ਸਟਾਪ ‘ਤੇ, ਛੋਟੇ ਤੱਟਵਰਤੀ ਭਾਈਚਾਰਿਆਂ ਲਈ ਨਵੇਂ ਮੌਕਿਆਂ ਦੇ ਤਾਲੇ ਖੁੱਲ੍ਹਣਗੇ।

ਅੱਜ, ਅਸੀਂ ਇੱਕ ਹੋਰ ਵੱਡਾ ਕਦਮ ਅੱਗੇ ਵਧਾ ਰਹੇ ਹਾਂ।

ਬਜਟ 2022 ਨਾਲ, ਸਾਡੀ ਸਰਕਾਰ ਦਾ ਕੁਨੈੱਕਟੀਵਿਟੀ ਵਿੱਚ ਕੁੱਲ ਨਿਵੇਸ਼ ਅੱਧਾ ਬਿਲੀਅਨ ਡਾਲਰ ਤੱਕ ਪਹੁੰਚ ਜਾਵੇਗਾ।

280 ਹੋਰ ਭਾਈਚਾਰਿਆਂ ਨੂੰ ਅੱਜ ਦੀ ਡਿਜਿਟਲ ਆਰਥਕਤਾ ਨਾਲ ਇੱਕ ਹਾਈਸਪੀਡ ਸੰਪਰਕ ਹਾਸਲ ਹੋ ਜਾਵੇਗਾ।

ਅਤੇ 2027 ਤੱਕ, ਸਪੀਕਰ ਸਾਹਿਬ, ਲਗਭਗ 800 ਭਾਈਚਾਰਿਆਂ ਨੂੰ ਸੂਬਾ ਸਰਕਾਰ ਵੱਲੋਂ ਕੁਨੈੱਕਟੀਵਿਟੀ ਵਿੱਚ ਕੀਤੇ ਨਿਵੇਸ਼ਾ ਤੋਂ ਲਾਭ ਮਿਲੇਗਾ।

ਜਿਵੇਂ ਅਸੀਂ ਨਵੇਂ ਡਿਜਿਟਲ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਹੇ ਹਾਂ, ਬਿਲਕੁਲ ਉਵੇਂ ਅਸੀਂ ਨਵੇਂ ਸਕੂਲਾਂ, ਹਸਪਤਾਲਾਂ ਅਤੇ ਬਾਲ ਸੰਭਾਲ ਥਾਂਵਾਂ ਦਾ ਵੀ ਨਿਰਮਾਣ ਕਰ ਰਹੇ ਹਾਂ।

ਨਵੇਂ ਟ੍ਰਾਂਜ਼ਿਟ, ਸੜਕਾਂ ਅਤੇ ਪੁਲਾਂ ਰਾਹੀਂ ਲੋਕਾਂ ਦੇ ਆਉਣ-ਜਾਣ ਵਿੱਚ, ਵਸਤਾਂ ਦੀ ਆਵਾਜਾਈ ਵਿੱਚ ਅਤੇ ਸਾਡੀ ਆਰਥਕਤਾ ਨੂੰ ਚੱਲਦਾ ਰੱਖਣ ਵਿੱਚ ਮਦਦ ਮਿਲੇਗੀ।

ਬ੍ਰੌਡਵੇਅ ਸਬਵੇਅ ਪ੍ਰੋਜੈਕਟ, ਮੈਸੀ ਟਨਲ ਅਤੇ ਪਟੋਲੋ ਬ੍ਰਿਜ ਦੇ ਵਿਕਲਪ ਲਈ ਅਤੇ ਵੈਨਕੂਵਰ ਆਈਲੈਂਡ ‘ਤੇ ਹਾਈਵੇ 14 ‘ਤੇ ਸੁਧਾਰ ਕਰਨ ਲਈ ਕੰਮ ਚੱਲ ਰਿਹਾ ਹੈ।

ਅੱਜ, ਅਸੀਂ ਆਪਣੀ ਬੁਨਿਆਦੀ ਢਾਂਚਾ ਯੋਜਨਾ ਨੂੰ ਨਵੀਆਂ ਬੁਲੰਦੀਆਂ-ਅਗਲੇ ਤਿੰਨ ਸਾਲਾਂ ਦੌਰਾਨ ਡਾਲਰ 27.4 ਬਿਲੀਅਨ ਦੇ ਰਿਕਾਰਡ ਪੱਧਰ- ਤੱਕ ਲੈ ਜਾ ਰਹੇ ਹਾਂ।

ਇਸ ਵਿੱਚ ਸਰੀ ਲੈਂਗਲੀ ਸਕਾਈ ਟ੍ਰੇਨ ਨੂੰ ਲੈਂਗਲੀ ਤੱਕ ਲੈ ਕੇ ਆਉਣ ਲਈ ਮਾਲੀ ਮਦਦ ਸ਼ਾਮਲ ਹੈ।

ਇਹ ਪਿਛਲੇ ਤਿੰਨ ਦਹਾਕਿਆਂ ਦੌਰਾਨ ਫ਼ਰੇਜ਼ਰ ਦੇ ਦੱਖਣ ਵੱਲ ਰੈਪਿਡ ਟ੍ਰਾਂਜ਼ਿਟ ਦਾ ਸਭ ਤੋਂ ਪਹਿਲਾ ਵਿਸਤਾਰ ਹੈ, ਜੋ ਇਸ ਵੇਲੇ ਯੋਜਨਾਬੰਧੀ ਅਧੀਨ ਹੈ।

ਇਨ੍ਹਾਂ ਢੋਆ-ਢੁਆਈ ਦੇ ਪ੍ਰਮੁੱਖ ਪ੍ਰੋਜੈਕਟਾਂ ਤੋਂ ਇਲਾਵਾ, ਸਾਡੀ ਵਿਸਤ੍ਰਿਤ ਪੂੰਜੀਗਤ ਯੋਜਨਾ ਰਾਹੀਂ ਨਵੇਂ ਸਕੂਲ ਉਸਾਰੇ ਜਾਣਗੇ, ਪੋਸਟ-ਸੈਕੰਡਰੀ ਸੰਸਥਾਵਾਂ ਦਾ ਵਿਸਤਾਰ ਕੀਤਾ ਜਾਵੇਗਾ, ਅਤੇ ਸਿਹਤ ਸੰਭਾਲ ਨੂੰ ਲੋਕਾਂ ਦੇ ਘਰਾਂ ਦੇ ਹੋਰ ਵੀ ਨੇੜੇ ਲਿਆਂਦਾ ਜਾਵੇਗਾ।

ਬੀ ਸੀ ਦੇ ਇਤਿਹਾਸ ਵਿੱਚ ਕਿਫ਼ਾਇਤੀ ਰਿਹਾਇਸ਼ਾਂ ਵਿੱਚ ਕੀਤਾ ਜਾਣ ਵਾਲਾ ਸਭ ਤੋਂ ਵੱਡਾ ਨਿਵੇਸ਼ ਵੀ ਸਾਡੀ ਬੁਨਿਆਦੀ ਢਾਂਚਾ ਯੋਜਨਾ ਦਾ ਇੱਕ ਹਿੱਸਾ ਹੈ।

ਸਪੀਕਰ ਸਾਹਿਬ, ਬ੍ਰਿਟਿਸ਼ ਕੋਲੰਬੀਆ ਰਹਿਣ ਲਈ ਇੱਕ ਸ਼ਾਨਦਾਰ ਸਥਾਨ ਹੈ।

ਪਿਛਲੇ ਸਾਲ ਦੇ ਕੇਵਲ ਪਹਿਲੇ ਨੌਂ ਮਹੀਨਿਆਂ ਵਿੱਚ, ਲਗਭਗ 85,000 ਲੋਕ ਰਹਿਣ ਲਈ ਸਾਡੇ ਸੂਬੇ ਵਿੱਚ ਆਏ ਹਨ।

ਪ੍ਰੰਤੂ, ਇਸ ਸਫ਼ਲਤਾ ਦੇ ਨਾਲ ਨਾਲ, ਸਾਡੀ ਰਿਹਾਇਸ਼ੀ ਮਾਰਕਿਟ ਉਪਰ ਵਾਧੂ ਦਬਾਉ ਵੀ ਪੈਂਦਾ ਹੈ।

ਬਿਲਕੁਲ ਇਸ ਸਮੇਂ, ਬਹੁਤ ਸਾਰੇ ਲੋਕ ਹਾਲੇ ਵੀ ਕਿਰਾਏ ‘ਤੇ ਲੈਣ ਲਈ ਜਾਂ ਖ਼੍ਰੀਦਣ ਲਈ ਇੱਕ ਕਿਫ਼ਾਇਤੀ ਥਾਂ ਲੱਭਣ ਵਾਸਤੇ ਸੰਘਰਸ਼ ਕਰ ਰਹੇ ਹਨ।

ਅਸੀਂ ਇੰਤਜ਼ਾਰ ਨਹੀਂ ਕਰ ਸਕਦੇ। ਅਤੇ ਅਸੀਂ ਕਰ ਵੀ ਨਹੀਂ ਰਹੇ।

ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਮੁਰੰਮਤ ਦੇ ਬਹਾਨੇ ਘਰ ਖਾਲੀ ਕਰਾਉਣ ‘ਤੇ ਪਾਬੰਦੀ ਲਗਾਈ ਹੈ ਅਤੇ ਸੱਟੇਬਾਜ਼ੀ ਵਿਰੁੱਧ ਸਖਤ ਕਾਰਵਾਈ ਕੀਤੀ ਹੈ।

ਇਸ ਮਹਾਮਾਰੀ ਦੇ ਦੌਰਾਨ ਅਸੀਂ ਕਿਰਾਏ ਵਧਾਉਣ ‘ਤੇ ਪਾਬੰਦੀ ਲਗਾਈ ਅਤੇ ਫਿਰ ਪੱਕੇ ਤੌਰ ‘ਤੇ ਉਨ੍ਹਾਂ ਦੀ ਵੱਧ ਤੋਂ ਵੱਧ ਹੱਦ ਮਿਥ ਦਿੱਤੀ।

32,000 ਤੋਂ ਜ਼ਿਆਦਾ ਨਵੇਂ, ਕਿਫ਼ਾਇਤੀ ਘਰ ਪਹਿਲਾਂ ਹੀ ਉਸਾਰੇ ਜਾ ਚੁੱਕੇ ਹਨ ਜਾਂ ਬਣ ਰਹੇ ਹਨ।

ਨਵੇਂ ਵਿਦਿਆਰਥੀਆਂ ਲਈ ਹਜ਼ਾਰਾਂ ਹੀ ਨਵੇਂ ਰਿਹਾਇਸ਼ੀ ਸਥਾਨ ਉਸਾਰੀ ਅਧੀਨ ਹਨ ਜਿਨ੍ਹਾਂ ਨਾਲ ਛੇਤੀ ਹੀ ਸਥਾਨਕ ਰਿਹਾਇਸ਼ੀ ਮਾਰਕਿਟਾਂ 'ਤੇ ਦਬਾਅ ਘਟ ਜਾਵੇਗਾ।

ਪਿਛਲੇ ਸਾਲ, ਬੀ ਸੀ ਵਿੱਚ 53,000 ਤੋਂ ਜ਼ਿਆਦਾ ਨਵੇਂ ਘਰ ਰਜਿਸਟਰ ਹੋਏ।

ਅਤੇ ਪਿਛਲੇ 5 ਸਾਲਾਂ ਦੌਰਾਨ, ਅਸੀਂ ਇੰਨੇ ਜ਼ਿਆਦਾ ਕਿਰਾਏ ਵਾਲੇ ਘਰ ਰਜਿਸਟਰ ਕੀਤੇ ਹਨ ਜਿੰਨੇ ਕੁੱਲ ਮਿਲਾ ਕੇ ਇਸ ਤੋਂ ਪਹਿਲੇ 15 ਸਾਲਾਂ ਵਿੱਚ ਨਹੀਂ ਸਨ ਹੋਏ।

ਬਜਟ 2022 ਰਾਹੀਂ ਸਾਡੀ 10-ਸਾਲਾ ਬਿਲਡਿੰਗ ਬੀ ਸੀ ਯੋਜਨਾ ਦੀ ਪ੍ਰਗਤੀ ਨੂੰ ਜਾਰੀ ਰੱਖਿਆ ਗਿਆ ਹੈ।

ਅਗਲੇ ਤਿੰਨ ਸਾਲਾਂ ਦੌਰਾਨ, ਰਿਹਾਇਸ਼ਾਂ ਅਤੇ ਬੇਘਰੀ ਸਬੰਧੀ ਸਹਾਇਤਾ ਸਾਧਨਾਂ ਵਿੱਚ ਕੁੱਲ ਨਿਵੇਸ਼ $1.2 ਬਿਲੀਅਨ ਪ੍ਰਤੀ ਸਾਲ ਤੋਂ ਵੱਧ ਤੱਕ ਪਹੁੰਚ ਜਾਵੇਗਾ।

ਪਿਛਲੇ ਸਾਲ, ਹਾਊਸਿੰਗ ਹਬ ਪ੍ਰੋਗਰਾਮ ਰਾਹੀਂ ਅਸੀਂ ਘੱਟ ਖ਼ਰਚੀਲੀ ਫ਼ਾਈਨੈਂਸਿੰਗ ਦੇ ਰੂਪ ਵਿੱਚ $2 ਬਿਲੀਅਨ ਮੁਹੱਈਆ ਕਰਾਏ।

ਸਾਨੂੰ ਪਹਿਲਾਂ ਹੀ ਨਤੀਜੇ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਦਰਮਿਆਨੀ ਆਮਦਨੀ ਵਾਲੇ ਪਰਿਵਾਰਾਂ ਲਈ 4,400 ਤੋਂ ਜ਼ਿਆਦਾ ਘਰ ਖੁੱਲ੍ਹ ਗਏ ਹਨ ਜਾਂ ਬਣ ਰਹੇ ਹਨ।

ਅਤੇ ਹੁਣ ਬਜਟ 2022 ਰਾਹੀਂ ਹਾਊਸਿੰਗ ਹਬ ਪ੍ਰੋਜੈਕਟਾਂ ਵਿੱਚ ਤੇਜ਼ੀ ਲਿਆਉਣ ਲਈ ਕਰਮਚਾਰੀਆਂ ਦੀ ਗਿਣਤੀ ਵਧਾਈ ਜਾਵੇਗੀ।

ਇਸੇ ਤਰ੍ਹਾਂ, ਇਸ ਸਾਲ ਬਜਟ ਵਿੱਚ ਕਮਿਊਨਿਟੀ ਹਾਊਸਿੰਗ ਫੰਡ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ $100 ਮਿਲੀਅਨ ਸ਼ਾਮਲ ਕੀਤੇ ਗਏ ਹਨ।

ਇਸ ਨਾਲ ਗ਼ੈਰ-ਮੁਨਾਫ਼ਾ ਭਾਈਵਾਲਾਂ ਦੇ ਕੰਮ ਵਿੱਚ ਮਦਦ ਮਿਲੇਗੀ ਤਾਂ ਕਿ ਉਹ ਰਲੀ-ਮਿਲੀ ਆਮਦਨ ਵਾਲੇ ਲੋਕਾਂ ਲਈ ਕਿਰਾਏ ਵਾਲੇ ਸਥਾਨਾਂ ਦਾ ਹੋਰ ਵੀ ਜ਼ਿਆਦਾ ਨਿਰਮਾਣ ਕਰ ਸਕਣ-ਅਤੇ ਵਧੇਰੇ ਤੇਜ਼ੀ ਨਾਲ ਅਜਿਹਾ ਕਰ ਸਕਣ।

ਸਪੀਕਰ ਸਾਹਿਬ, ਕੈਮਲੂਪਸ ਵਿਚਲਾ ਨਵਾਂ ਸਨਰਾਈਜ਼ ਸੈਂਟਰ ਇਸ ਪ੍ਰੋਗਰਾਮ ਅਧੀਨ ਹੋ ਰਹੇ ਕੰਮ ਦੀ ਇੱਕ ਸ਼ਾਨਦਾਰ ਮਿਸਾਲ ਹੈ।

ਤਿੰਨ ਸਾਲ ਪਹਿਲਾਂ, ਮੈਨੂੰ ਇਸ ਭਾਈਚਾਰੇ ਨਾਲ ਇੱਕ ਉਤਸਵ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਜਦੋਂ ਅਸੀਂ ਇਨ੍ਹਾਂ ਨਵੇਂ ਘਰਾਂ ਦੀ ਨੀਂਹ ਰੱਖੀ ਸੀ।

ਅੱਜ ਇਸਦੇ ਮੁਢਲੇ ਵਸਨੀਕ-ਜਿਨ੍ਹਾਂ ਵਿੱਚੋਂ ਬਹੁਤੇ ਘੱਟ ਆਮਦਨੀ ਵਾਲੇ ਬਜ਼ੁਰਗ ਹਨ-ਨੂੰ ਇਸ ਗੱਲ ਦੀ ਤਸੱਲੀ ਹੈ ਕਿ ਉਨ੍ਹਾਂ ਦੇ ਕਿਰਾਇਆਂ ਦੀ ਵੱਧ ਤੋਂ ਵੱਧ ਹੱਦ ਹਮੇਸ਼ਾ ਉਨ੍ਹਾਂ ਦੀ ਆਮਦਨ ਦੇ 30% ਤੱਕ ਰਹੇਗੀ।

ਅਤੇ ਇਹ ਇਮਾਰਤ ਬਿਲਕੁਲ ਡਾਊਨ-ਟਾਊਨ ਵਿੱਚ ਹੈ ਜੋ ਕਿ ਫ਼ਾਰਮੇਸੀ ਅਤੇ ਗ੍ਰੋਸਰੀ ਸਟੋਰ ਤੋਂ ਕੁਝ ਕਦਮਾਂ ਦੇ ਫਾਸਲੇ ‘ਤੇ ਹੈ।

ਇਹ ਨਵੇਂ ਘਰ, ਅਤੇ ਇਨ੍ਹਾਂ ਵਰਗੇ ਹੋਰ ਹਜ਼ਾਰਾਂ ਘਰ, ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਇੱਕ ਕਿਫ਼ਾਇਤੀ ਭਵਿੱਖ ਮੁਹੱਈਆ ਕਰਾਉਂਦੇ ਹਨ।

## ਇੱਕ ਵਧੇਰੇ ਮਜ਼ਬੂਤ ਸਮਾਜ ਦਾ ਨਿਰਮਾਣ

ਲੋਕਾਂ ਲਈ ਲੋੜੀਂਦੇ ਘਰਾਂ ਦਾ ਨਿਰਮਾਣ ਕਰਨ ਨਾਲ ਬੀ ਸੀ ਦੀ ਆਰਥਕ ਮਜ਼ਬੂਤੀ ਵਿੱਚ ਮਦਦ ਮਿਲਦੀ ਹੈ।

ਇਹ ਇੱਕ ਵਧੇਰੇ ਸਿਹਤਮੰਦ ਸਮਾਜ ਸਿਰਜਣ ਦੇ ਸਾਡੇ ਕਾਰਜ ਦਾ ਵੀ ਹਿੱਸਾ ਹੈ-ਇਸ ਸ਼ਬਦ ਦੇ ਹਰ ਅਰਥ ਵਿੱਚ।

ਬਜਟ 2022 ਵਿੱਚ ਤਿੰਨ ਸਾਲਾਂ ਦੌਰਾਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਇੱਕ ਹੋਰ ਵੀ ਵਧੇਰੇ ਮਜ਼ਬੂਤ ਸਿਹਤ ਅਤੇ ਮਾਨਸਕ ਸਿਹਤ-ਸੰਭਾਲ ਸਿਸਟਮ ਦਾ ਨਿਰਮਾਣ ਕਰਨ ਲਈ ਕੁੱਲ ਮਿਲਾ ਕੇ $3.2 ਬਿਲੀਅਨ ਦਾ ਵਾਅਦਾ ਕੀਤਾ ਗਿਆ ਹੈ।

ਉਪਰੇਸ਼ਨਾਂ ਅਤੇ ਸਕੈਨਾਂ ਲਈ ਉਡੀਕ ਸੂਚੀਆਂ ਦਾ ਸਮਾਧਾਨ ਕਰਨ ਦੇ ਨਿਰੰਤਰ ਯਤਨਾਂ ਵਿੱਚ ਮਦਦ ਦੇਣ ਲਈ ਅਸੀਂ $300 ਮਿਲੀਅਨ ਸ਼ਾਮਲ ਕਰ ਰਹੇ ਹਾਂ।

ਵਧੇਰੇ ਲੋਕਾਂ ਦਾ ਟੀਕਾਕਰਣ ਲਈ, ਵਧੇਰੇ ਨਿੱਜੀ ਸੁਰੱਖਿਆ ਉਪਕਰਣ ਖ਼੍ਰੀਦਣ ਲਈ, ਅਤੇ ਕੋਵਿਡ-19 ਲਈ ਹੋਰ ਵਧੇਰੇ ਲੋਕਾਂ ਦੇ ਟੈੱਸਟ ਕਰਨ ਲਈ ਵੀ ਅਸੀਂ ਅਗਲੇ ਸਾਲ ਦੌਰਾਨ $875 ਮਿਲੀਅਨ ਦਾ ਵਾਅਦਾ ਕਰ ਰਹੇ ਹਾਂ।

ਲਗਭਗ $150 ਮਿਲੀਅਨ ਨਾਲ ਪੈਰਾਮੈਡਿਕਸ, ਕਾਲਾਂ ਲੈਣ ਵਾਲਿਆਂ ਅਤੇ ਡਿਸਪੈਚਰਾਂ ਦੀ ਗਿਣਤੀ ਵਧਾਈ ਜਾਵੇਗੀ ਤਾਂ ਕਿ ਐਮਰਜੈਂਸੀ ਪ੍ਰਤੀ ਕਾਰਵਾਈ ਕਰਨ ਦੇ ਸਮੇਂ ਵਿੱਚ ਤੇਜ਼ੀ ਲਿਆਂਦੀ ਜਾ ਸਕੇ।

ਬਜਟ 2022 ਰਾਹੀਂ ਪੂਰੇ ਬੀ ਸੀ ਵਿਚਲੇ ਭਾਈਚਾਰਿਆਂ ਵਿੱਚ ਸਾਡੀ ਸਰਕਾਰ ਦੇ ਬਿਹਤਰ ਦੇਖਭਾਲ ਮੁਹੱਈਆ ਕਰਾਉਣ ਦੇ ਕੰਮ ਨੂੰ ਜਾਰੀ ਰੱਖਿਆ ਜਾਵੇਗਾ।

ਕੋਵੀਚੈਨ, ਡਾਸਨ ਕ੍ਰੀਕ, ਰਿਚਮੰਡ, ਬਰਨਬੀ ਅਤੇ ਸਰੀ ਦੇ ਨਵੇਂ ਹਸਪਤਾਲ ਦੇ ਪ੍ਰੋਜੈਕਟ, ਇਨ੍ਹਾਂ ਸਾਰਿਆਂ ਵਿੱਚ ਪ੍ਰਗਤੀ ਹੋ ਰਹੀ ਹੈ, ਜਿਸ ਵਿੱਚ ਸਰੀ ਵਿਚਲਾ ਇੱਕ ਨਵਾਂ ਅਤਿ-ਆਧੁਨਿਕ ਕੈਂਸਰ ਕੇਅਰ ਸੈਂਟਰ ਵੀ ਸ਼ਾਮਲ ਹੈ।

ਅਤੇ ਕੈਮਲੂਪਸ ਅਤੇ ਨਨਾਈਮੋ ਲਈ ਹੋਰ ਜ਼ਿਆਦਾ ਕੈਂਸਰ ਕੇਅਰ ਸੈਂਟਰਾਂ ਲਈ ਯੋਜਨਾਬੰਦੀ ਕੀਤੀ ਜਾ ਰਹੀ ਹੈ।

ਇਸ ਸਾਲ ਦੇ ਬਜਟ ਰਾਹੀਂ ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਟਰਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਿਆ ਜਾਵੇਗਾ। ਸਾਡਾ ਟੀਚਾ ਹੈ ਕਿ 2025 ਤੱਕ ਸੈਂਟਰਾਂ ਦੀ ਗਿਣਤੀ ਲਗਭਗ ਦੁੱਗਣੀ ਕਰ ਦਿੱਤੀ ਜਾਵੇ।

ਸੱਭਿਆਚਾਰਕ ਲਿਹਾਜ਼ ਨਾਲ ਸੁਰੱਖਿਅਤ ਦੇਖਭਾਲ ਨੂੰ ਘਰਾਂ ਦੇ ਨਜ਼ਦੀਕ ਲਿਆਉਣ ਲਈ, ਬਜਟ 2022 ਰਾਹੀਂ ਸਥਾਨਕ ਪ੍ਰਾਇਮਰੀ ਕੇਅਰ ਟੀਮਾਂ ਵਿੱਚ ਰਵਾਇਤੀ ਮੂਲਵਾਸੀ ਸਿਹਤ ਸੰਭਾਲ ਪ੍ਰਦਾਨਕਰਤਾ ਸ਼ਾਮਲ ਕੀਤੇ ਜਾਣਗੇ।

ਅਸੀਂ ਫਸਟ ਨੇਸ਼ਨਜ਼ ਹੈੱਲਥ ਅਥੌਰਿਟੀ ਨਾਲ ਭਾਈਵਾਲੀ ਅਧੀਨ ਕੰਮ ਕਰਨਾ ਜਾਰੀ ਰੱਖ ਰਹੇ ਹਾਂ ਤਾਂ ਕਿ ਪੂਰੇ ਸੂਬੇ ਵਿੱਚ ਨਵੇਂ ਫਸਟ ਨੇਸ਼ਨਜ਼ ਪ੍ਰਾਇਮਰੀ ਕੇਅਰ ਸੈਂਟਰ ਬਣਾਏ ਜਾ ਸਕਣ।

ਸਪੀਕਰ ਸਾਹਿਬ, ਅਸੀਂ ਇਹ ਮੰਨਦੇ ਹਾਂ ਕਿ ਇਸ ਮਹਾਮਾਰੀ ਨੇ ਸਾਡੀ ਸਰੀਰਕ ਸਿਹਤ ਨਾਲੋਂ ਵਧੇਰੇ ਖ਼ਤਰਾ ਪੈਦਾ ਕੀਤਾ ਹੈ। ਇਸ ਨਾਲ ਸਾਡੀ ਮਾਨਸਕ ਤੰਦਰੁਸਤੀ ਨੂੰ ਵੱਡਾ ਨੁਕਸਾਨ ਹੋਇਆ ਹੈ।

ਅਤੇ ਤ੍ਰਾਸਦੀ ਇਹ ਹੈ, ਕਿ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੇ ਸੰਕਟ ਨੇ ਇਸ ਸਥਿਤੀ ਨੂੰ ਹੋਰ ਵੀ ਭੈੜਾ ਬਣਾ ਦਿੱਤਾ ਹੈ।

ਸਾਡੀ ਸਰਕਾਰ ਬੀ ਸੀ ਦੇ ਇਤਿਹਾਸ ਵਿੱਚ ਮਾਨਸਕ ਸਿਹਤ ਅਤੇ ਨਸ਼ਾਖ਼ੋਰੀ ਨਾਲ ਸਬੰਧਤ ਸੇਵਾਵਾਂ ਵਿੱਚ ਸਭ ਤੋਂ ਵੱਡਾ ਨਿਵੇਸ਼ ਕਰਕੇ ਇਸ ਸਮੱਸਿਆ ਨਾਲ ਸਾਹਮਣੇ ਹੋ ਕੇ ਨਜਿੱਠ ਰਹੀ ਹੈ।

ਇਲਾਜ ਅਤੇ ਦੇਖਭਾਲ ਦੇ ਇੱਕ ਨਵੇਂ, ਸਮੁੱਚੇ ਸਿਸਟਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਪੰਜ ਸਾਲ ਪਹਿਲਾਂ, ਇਹ ਉੱਕਾ ਹੀ ਮੌਜੂਦ ਨਹੀਂ ਸੀ।

ਉਹ ਲੋਕ ਜੋ ਇਸ ਨਵੇਂ ਸਿਸਟਮ ’ਤੇ-ਅਤੇ ਇਸ ਵਿੱਚ ਕੰਮ ਕਰ ਰਹੇ ਹਨ-ਦੀਆਂ ਜੁਝਾਰੂ ਕੋਸ਼ਿਸ਼ਾਂ ਦੇ ਬਾਵਜੂਦ, ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਰਾਹੀਂ ਜ਼ਿੰਦਗੀਆਂ ਖੋਹੀਆਂ ਜਾ ਰਹੀਆਂ ਹਨ।

ਜਦ ਕਿ ਇਸ ਤ੍ਰਾਸਦੀ ਤੋਂ ਨਜ਼ਰਾਂ ਫੇਰਨਾ ਮੁਸ਼ਕਲ ਹੈ, ਸਪੀਕਰ ਸਾਹਿਬ, ਅਜਿਹੀਆਂ ਕਹਾਣੀਆਂ ਮੌਜੂਦ ਹਨ ਜੋ ਉਮੀਦ ਪੈਦਾ ਕਰਦੀਆਂ ਹਨ।

ਡੇਨੀਅਲ ਦੀ ਕਹਾਣੀ ਵਰਗੀ ਕਹਾਣੀਆਂ। ਸਾਲਾਂ-ਬੱਧੀ ਬੇਘਰ ਰਹਿਣ ਅਤੇ ਨਸ਼ਾਖ਼ੋਰੀ ਦੀ ਆਦਤ ਹੋਣ ਤੋਂ ਬਾਅਦ, ਉਹ ਇਲਾਜ ਵਾਸਤੇ ਨਨਾਈਮੋ ਵਿੱਚ ਇੱਕ ਨਵੇਂ ਸਥਾਨ ਵਿੱਚ ਦਾਖਲ ਹੋਇਆ।

"ਇਸ ਨਾਲ ਨਿਸ਼ਚਿਤ ਤੌਰ 'ਤੇ ਮੇਰੀ ਜ਼ਿੰਦਗੀ ਬਚ ਗਈ," ਡੇਨੀਅਲ ਨੇ ਕਹਿੰਦਾ ਹੈ। ਉਹ ਹੁਣ ਆਪਣੇ ਭਵਿੱਖ ਪ੍ਰਤੀ ਉਤਸ਼ਾਹਤ ਹੈ ਅਤੇ ਚੀਜ਼ਾਂ ਵੱਲ ਇੱਕ ਇੱਕ ਕਰਕੇ ਕਦਮ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ।

ਅਤੇ ਉਸਦਾ ਪਹਿਲਾ ਕਦਮ ਇੱਕ ਅਰਥਪੂਰਣ ਕਦਮ ਸੀ। ਚਾਰ ਸਾਲਾਂ ਵਿੱਚ ਪਹਿਲੀ ਵਾਰ, ਡੇਨੀਅਲ ਨੇ ਕ੍ਰਿਸਮਸ ਦਾ ਤਿਉਹਾਰ ਆਪਣੇ ਪਰਿਵਾਰ ਨਾਲ ਮਨਾਇਆ।

ਇਹ ਡੇਨੀਅਲ ਉਸ ਵਰਗੇ ਬਹੁਤ ਸਾਰੇ ਹੋਰਨਾਂ ਕਰਕੇ ਹੀ ਹੈ ਕਿ ਮੋਹਰਲੀ ਕਤਾਰ ਦੇ ਕਾਮੇ ਇਸ ਜੰਗ ਪ੍ਰਤੀ ਸਮਰਪਤ ਚਲੇ ਆ ਰਹੇ ਹਨ। ਇਸੇ ਤਰ੍ਹਾਂ ਸਾਡੀ ਸਰਕਾਰ ਵੀ ਪ੍ਰਤੀਬੱਧ ਹੈ।

ਇਸ ਸਬੰਧੀ ਕਾਰਵਾਈ ਕਰਨ ਲਈ ਅਸੀਂ ਬਿਲਕੁਲ ਨਨਾਈਮੋ ਵਰਗੇ ਹੀ ਸੈਂਕੜੇ ਹੋਰ ਇਲਾਜ ਅਤੇ ਸਿਹਤਯਾਬੀ ਦੇ ਸਥਾਨ ਖੋਲ੍ਹ ਰਹੇ ਹਾਂ;

ਅਸੀਂ ਕੈਨੇਡਾ ਵਿੱਚ ਸਭ ਤੋਂ ਪਹਿਲਾਂ ਸੂਬਾ ਬਣੇ ਹਾਂ ਜਿਸ ਨੇ ਇਸ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਰੱਖਣ ਲਈ ਅਰਜ਼ੀ ਦਿੱਤੀ ਹੈ ਅਤੇ ਡਾਕਟਰੀ ਨੁਸਖ਼ੇ ਨਾਲ ਸੁਰੱਖਿਅਤ ਸਪਲਾਈ ਮੁਹੱਈਆ ਕਰਾਉਣ ਦੀ ਪੇਸ਼ਕਸ਼ ਕੀਤੀ ਹੈ; ਅਤੇ

ਦਰਜਨਾਂ ਹੀ ਭਾਈਚਾਰਿਆਂ ਵਿੱਚ ਮੁਫ਼ਤ ਅਤੇ ਕਿਫ਼ਾਇਤੀ ਕਾਉਂਸਲਿੰਗ ਸੇਵਾਵਾਂ ਅਤੇ ਫਾਊਂਡਰੀ ਸੈਂਟਰਾਂ ਦਾ ਸੰਚਾਲਨ ਕੀਤਾ ਜਾ ਰਿਹਾ ਹੈ।

ਉਹ ਲੋਕ ਜਿਨ੍ਹਾਂ ਨੂੰ ਨਸ਼ਾਖ਼ੋਰੀ, ਗੰਭੀਰ ਮਾਨਸਕ ਸਿਹਤ ਨਾਲ ਜੁੜੇ ਮਾਮਲਿਆਂ ਜਾਂ ਦਿਮਾਗ ਨੂੰ ਪਹੁੰਚੇ ਨੁਕਸਾਨ ਵਰਗੀਆਂ, ਦੋਹਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਲਈ ਬਜਟ 2022 ਰਾਹੀਂ ਉਮੀਦ ਦਾ ਇੱਕ ਹੋਰ ਰਸਤਾ ਮੁਹੱਈਆ ਕਰਾਇਆ ਗਿਆ ਹੈ।

ਨਵੀਆਂ ਕੰਪਲੈਕਸ ਕੇਅਰ ਰਿਹਾਇਸ਼ਾਂ ਜੋ ਕਿ ਪਹਿਲਾਂ ਹੀ ਸਰੀ, ਐਬਟਸਫੋਰਡ ਅਤੇ ਵੈਨਕੂਵਰ ਵਿੱਚ ਤਿਆਰ ਹੋ ਰਹੀਆਂ ਹਨ, ਦਾ ਪੂਰੇ ਸੂਬੇ ਵਿੱਚ 20 ਹੋਰ ਸਥਾਨਾਂ ਤੱਕ ਵਿਸਤਾਰ ਕੀਤਾ ਜਾਵੇਗਾ।

ਆਪਣੀ ਕਿਸਮ ਦੀ ਇਸ ਪਹਿਲੀ ਪਹੁੰਚ ਨਾਲ, ਦੇਖਭਾਲ ਸਬੰਧੀ ਪੇਚੀਦਾ ਲੋੜਾਂ ਵਾਲੇ ਸੈਂਕੜੇ ਹੀ ਲੋਕਾਂ ਨੂੰ ਘਰਾਂ ਨੂੰ ਖ਼ਾਲੀ ਕਰਨ, ਸ਼ੈਲਟਰਾਂ ਵਿੱਚ ਜਾਣ, ਐਮਰਜੈਂਸੀ ਰੂਮਾਂ ਅਤੇ ਜੇਲ੍ਹਾਂ ਵਿੱਚ ਜਾਣ ਦੇ ਚੱਕਰ ਵਿੱਚ ਪੈਣ ਤੋਂ ਰੋਕਣ ਵਿੱਚ ਮਦਦ ਮਿਲ ਸਕੇਗੀ।

ਸਪੀਕਰ ਸਾਹਿਬ, ਅਕਸਰ ਇਹ ਕਿਹਾ ਜਾਂਦਾ ਰਿਹਾ ਹੈ ਕਿ ਭਾਵੇਂ ਅਸੀਂ ਸਾਰੇ ਇੱਕੋ ਹੀ ਤੂਫ਼ਾਨ ਵਿੱਚ ਘਿਰੇ ਹੁੰਦੇ ਹਾਂ, ਪਰ ਅਸੀਂ ਸਾਰੇ ਇੱਕੋ ਹੀ ਕਿਸ਼ਤੀ ਵਿੱਚ ਸਵਾਰ ਨਹੀਂ ਹੁੰਦੇ।

ਇਸ ਮਹਾਮਾਰੀ ਨੇ ਸੇਵਾਵਾਂ ਅਤੇ ਸਹਾਇਤਾ ਸਾਧਨਾਂ ਵਿੱਚ ਪਹਿਲਾਂ ਤੋਂ ਮੌਜੂਦ ਪਾੜਿਆਂ ਨੂੰ ਕੇਵਲ ਹੋਰ ਡੂੰਘਾ ਕਰਨ ਦਾ ਕੰਮ ਕੀਤਾ ਹੈ।

ਤੁਸੀਂ ਪੂਰੇ ਦੇਸ਼ ਵਿੱਚ ਇਸ ਨੂੰ ਬਿਲਕੁਲ ਹਰ ਥਾਂ ਵਾਪਰਦਾ ਵੇਖ ਸਕਦੇ ਹੋ।

ਬੇਘਰੀ ਦੇ ਸਮਾਧਾਨ ਲਈ ਪ੍ਰਤੀਕਿਰਿਆਸ਼ੀਲ ਤੋਂ ਕਿਰਿਆਸ਼ੀਲ ਸਮਾਧਾਨਾਂ ਵੱਲ ਤਬਦੀਲ ਹੋਣ ਲਈ ਇੱਕ ਨਵੀਂ ਸਮੁੱਚੀ ਪਹੁੰਚ ਦੀ ਲੋੜ ਹੈ।

ਇਸ ਸਾਲ ਦੇ ਬਜਟ ਰਾਹੀਂ, ਸਪੀਕਰ ਸਾਹਿਬ, $633 ਮਿਲੀਅਨ ਨਾਲ ਅਗਲੇ 3 ਸਾਲਾਂ ਦੌਰਾਨ ਬੇਘਰੀ ਦੇ ਮਸਲੇ ਨਾਲ ਨਜਿੱਠਿਆ ਜਾਵੇਗਾ।

ਜਦੋਂ ਕੋਵਿਡ-19 ਨੇ ਸਭ ਤੋਂ ਪਹਿਲਾਂ ਹਮਲਾ ਕੀਤਾ, ਅਸੀਂ ਬਹੁਤ ਤੇਜ਼ੀ ਨਾਲ ਕਾਰਵਾਈ ਕਰਕੇ 3,000 ਤੋਂ ਵੱਧ ਲੋਕਾਂ ਨੂੰ ਸੜਕਾਂ ਤੋਂ ਚੁੱਕ ਕੇ ਆਰਜ਼ੀ ਸ਼ੈਲਟਰਾਂ ਵਿੱਚ ਲੈ ਕੇ ਆਏ।

ਹੁਣ ਅਸੀਂ ਸਹਾਇਤਾਂ ਸਾਧਨਾਂ ਵਾਲੇ ਸੈਂਕੜੇ ਨਵੇਂ ਘਰਾਂ ਨੂੰ ਮਾਲੀ ਮਦਦ ਮੁਹੱਈਆ ਕਰਾ ਕੇ ਅਤੇ ਲੋਕਾਂ ਨੂੰ ਨਵੀਆਂ ਮੁਕੰਮਲ ਹੋਈਆਂ ਇਮਾਰਤਾਂ ਵਿੱਚ ਪੈਦਾ ਹੋਈਆਂ ਥਾਂਵਾਂ ਨਾਲ ਜੋੜ ਕੇ ਇਸ ਕਦਮ ਨੂੰ ਪੱਕਾ ਕਰਨ ਲਈ ਕੰਮ ਕਰ ਰਹੇ ਹਾਂ।

ਜਦੋਂ ਤੱਕ ਨਵੇਂ ਸਥਾਈ ਘਰਾਂ ਦਾ ਨਿਰਮਾਣ ਹੋ ਰਿਹਾ ਹੈ, ਤਾਂ ਲੋਕਾਂ ਨੂੰ ਸਥਿਰਤਾ ਪ੍ਰਦਾਨ ਕਰਨ ਲਈ ਅਸੀਂ ਕੁਝ ਆਰਜ਼ੀ ਥਾਂਵਾਂ ਦੇ ਕਿਰਾਏਨਾਮਿਆਂ ਦੀ ਮਿਆਦ ਵਿੱਚ ਵਾਧਾ ਕਰ ਰਹੇ ਹਾਂ।

ਇਸ ਤੋਂ ਇਲਾਵਾ, ਨਵੇਂ ਰੈਂਟ ਸਪਲੀਮੈਂਟਾਂ ਰਾਹੀਂ ਘੱਟ ਆਮਦਨ ਵਾਲੇ ਹਜ਼ਾਰਾਂ ਲੋਕਾਂ ਨੂੰ ਕਿਰਾਏ ਦੀ ਮਾਰਕਿਟ ਵਿੱਚ ਇਨ੍ਹਾਂ ਸਮੁੱਚੇ ਸਾਧਨਾਂ ਰਾਹੀਂ ਸੁਰੱਖਿਅਤ ਰਿਹਾਇਸ਼ਾਂ ਹਾਸਲ ਕਰਨ ਵਿੱਚ ਮਦਦ ਮਿਲੇਗੀ। ਹਾਲਾਂਕਿ ਇੱਕ ਫ਼ੌਰੀ ਕਾਰਵਾਈ ਦੀ ਬੇਹੱਦ ਲੋੜ ਹੈ, ਸਾਨੂੰ ਆਪਣਾ ਧਿਆਨ ਧਾਰਾ ਤੋਂ ਵਿਪਰੀਤ ਜਾ ਕੇ ਰੋਕਥਾਮ ਵੱਲ ਮੋੜਨਾ ਪਵੇਗਾ।

ਸਵਰਗਵਾਸੀ ਕੈਥਰੀਨ ਮੈਕਪਾਰਲੈਂਡ ਨੌਜਵਾਨਾਂ ਵਿੱਚ ਬੇਘਰੀ ਦੇ ਮੁੱਦੇ ਦੀ ਜ਼ਬਰਦਸਤ ਹਮਾਇਤੀ ਸੀ। ਉਹ ਇਸ ਸਰਕਾਰ ਲਈ, ਅਤੇ ਮੇਰੇ ਲਈ, ਇੱਕ ਮਿੱਤਰ ਅਤੇ ਸਲਾਹਕਾਰ ਵੀ ਬਣੀ।

ਜਿਵੇਂ ਕੈਥਰੀਨ ਨੇ ਇਸਦਾ ਵਰਣਨ ਕੀਤਾ, "ਫੋਸਟਰਕੇਅਰ ਬੇਘਰੀ ਦਾ ਸਭ ਤੋਂ ਤੇਜ਼ ਮੁੱਖ ਮਾਰਗ ਹੈ।"

ਉਸ ਨੇ ਸਰਕਾਰ ਨੂੰ ਸਮਾਧਾਨ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ।

ਸਾਡੀ ਸਰਕਾਰ ਕੈਥਰੀਨ ਵਰਗੇ ਲੋਕਾਂ ਦੀ ਗੱਲ ਸੁਣ ਰਹੀ ਹੈ। ਚੀਜ਼ਾਂ ਬਦਲਣਗੀਆਂ।

ਅੱਜ, ਸਪੀਕਰ ਸਾਹਿਬ, ਅਸੀਂ ਉਨ੍ਹਾਂ *ਸਾਰੇ* ਨੌਜਵਾਨਾਂ ਦੀ ਮਦਦ ਕਰਨ ਦਾ ਆਪਣਾ ਵਾਅਦਾ ਪੂਰਾ ਕਰ ਰਹੇ ਹਾਂ ਜੋ ਉਮਰ ਵਧਣ ਦੇ ਕਾਰਣ ਦੇਖਭਾਲ ਦੇ ਦਾਇਰੇ 'ਚੋਂ ਬਾਹਰ ਨਿਕਲ ਰਹੇ ਹਨ।

ਬਜਟ 2022 ਰਾਹੀਂ ਆਮਦਨੀ ਲਈ ਵਧੇਰੇ ਸਹਾਇਤਾ ਸਾਧਨ, ਆਮਦਨੀ 'ਤੇ ਛੋਟਾਂ ਅਤੇ ਰਿਹਾਇਸ਼ਾਂ, ਸਿਹਤ ਅਤੇ ਜੀਵਨ-ਜਾਚ ਸਬੰਧੀ ਸਹਾਇਤਾ ਸਾਧਨਾਂ ਦਾ ਇੱਕ ਮੁਕੰਮਲ ਸਿਲਸਿਲਾ ਮੁਹੱਈਆ ਕਰਾਇਆ ਜਾ ਰਿਹਾ ਹੈ ਜੋ ਕਿ ਉਮਰ ਵਧ ਜਾਣ ਕਾਰਣ ਦੇਖਭਾਲ ਦੇ ਦਾਇਰੇ 'ਚੋਂ ਬਾਹਰ ਨਿਕਲਣ ਵਾਲੇ ਨੌਜਵਾਨਾਂ ਲਈ 27 ਸਾਲ ਦੀ ਉਮਰ ਤੱਕ ਜਾਰੀ ਰਹੇਗਾ।

ਮੁੱਕਦੀ ਗੱਲ ਇਹ ਹੈ।

ਇੱਕ ਮਾਂ ਦੇ ਤੌਰ 'ਤੇ, ਮੈਂ ਉਸ ਜ਼ਿੰਮੇਵਾਰੀ ਤੋਂ ਵਾਕਫ਼ ਹਾਂ ਜੋ ਮੇਰੀ ਆਪਣੇ ਬੱਚਿਆਂ ਪ੍ਰਤੀ ਹੈ ਅਤੇ ਜਿਹੜੀ ਉਨ੍ਹਾਂ ਦੇ 19ਵੇਂ ਜਨਮਦਿਨ ਨਾਲ ਖ਼ਤਮ ਨਹੀਂ ਹੋ ਗਈ।

ਅਤੇ ਨਾ ਹੀ ਸਾਡੀ ਸਰਕਾਰ ਦੀ ਜ਼ਿੰਮੇਵਾਰੀ ਖ਼ਤਮ ਹੁੰਦੀ ਹੈ।

ਇਹ ਉਮਰ ਦੇ ਵਧਣ ਕਾਰਣ ਦੇਖਭਾਲ ਦੇ ਦਾਇਰੇ 'ਚੋਂ ਬਾਹਰ ਨਿਕਲ ਜਾਣ ਵਾਲੇ ਨੌਜਵਾਨਾਂ 'ਤੇ ਵੀ ਲਾਗੂ ਨਹੀਂ ਹੁੰਦਾ।

ਹਰ ਇੱਕ ਬੱਚੇ ਨੂੰ ਸਭ ਤੋਂ ਵਧੀਆ ਸ਼ੁਰੂਆਤ ਮੁਹੱਈਆ ਕਰਾਉਣਾ ਸੰਭਵ ਬਣਾਉਣਾ ਸਾਡੇ ਸੂਬੇ ਦੇ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਦੀ ਕੁੰਜੀ ਹੈ।

ਜਿਵੇਂ ਜਿਵੇਂ ਕੇ-12 ਵਿੱਚ ਦਾਖ਼ਲੇ ਦੀ ਗਿਣਤੀ ਵਧਦੀ ਜਾ ਰਹੀ ਹੈ, ਅਸੀਂ ਉਸ ਦੇ ਬਰਾਬਰ ਦੇ ਪੱਧਰ ਦੇ ਨਿਵੇਸ਼ ਕਰਨਾ ਜਾਰੀ ਰੱਖ ਰਹੇ ਹਾਂ।

ਸਕੂਲਾਂ ਵਿੱਚ ਵਧ ਰਹੇ ਦਾਖ਼ਲੇ ਪ੍ਰਤੀ ਕਾਰਵਾਈ ਕਰਨ ਲਈ ਬਜਟ 2022 ਵਿੱਚ ਤਿੰਨ ਸਾਲਾਂ ਦੌਰਾਨ ਅਤਿਰਿਕਤ $664 ਮਿਲੀਅਨ ਦਾ ਵਾਅਦਾ ਕੀਤਾ ਗਿਆ ਹੈ।

ਪੂਰੇ ਸੂਬੇ ਵਿੱਚ ਅਤਿ-ਆਧੁਨਿਕ ਕਲਾਸਰੂਮ ਬਣਾਉਣ ਦਾ ਕੰਮ ਵੀ ਜਾਰੀ ਹੈ।

ਇਸ ਪਿਛਲੇ ਵਰ੍ਹੇ ਦੌਰਾਨ, ਕੂਟਨੇ, ਸਮਿਦਰਜ਼ ਅਤੇ ਸਰੀ ਵਰਗੇ ਭਾਈਚਾਰਿਆਂ ਵਿੱਚ 20 ਨਵੇਂ ਜਾਂ ਬਿਹਤਰ ਪੱਧਰ ਦੇ ਸਕੂਲ ਖੋਲ੍ਹੇ ਗਏ ਹਨ। ਅਤੇ ਮੌਜੂਦਾ ਸਮੇਂ ਹੋਰ ਸਕੂਲ ਉਸਾਰੀ ਅਧੀਨ ਹਨ।

ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਵਿੱਚ ਬਾਲ ਸੰਭਾਲ ਥਾਂਵਾਂ ਉਪਲਬਧ ਹੋਣਗੀਆਂ ਜੋ ਕਿ ਪਰਿਵਾਰਾਂ ਲਈ ਇੱਕ ਖ਼ੁਸ਼ਖਬਰੀ ਹੈ।

ਮਾਪਿਆਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਬੱਚੇ ਲਈ ਪਬਲਿਕ ਸਕੂਲ ਵਿੱਚ ਹਮੇਸ਼ਾ ਇੱਕ ਸਥਾਨ ਉਪਲਬਧ ਰਹੇਗਾ ਅਤੇ ਅਸੀਂ ਇਹੀ ਨਿਸ਼ਚਿਤਤਾ ਬਾਲ ਸੰਭਾਲ ਦੇ ਮਾਮਲੇ ਵਿੱਚ ਲਿਆਉਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ।

ਇਸ ਸਾਲ ਦੇ ਬਜਟ ਰਾਹੀਂ, ਅਸੀਂ ਬਾਲ ਸੰਭਾਲ ਨੂੰ ਸਿੱਖਿਆ ਮੰਤਰਾਲੇ ਅੰਤਰਗਤ ਲਿਆ ਰਹੇ ਹਾਂ।

ਇਹ ਸਭ ਕੁਝ ਸਾਡੀ ਸਰਕਾਰ ਦੇ ਉਸ ਕਾਰਜ ਦਾ ਹਿੱਸਾ ਹੈ ਜਿਸ ਨਾਲ ਬਾਲ ਸੰਭਾਲ ਨੂੰ ਇੱਕ ਬੁਨਿਆਦੀ ਸੇਵਾ ਦੇ ਤੌਰ ‘ਤੇ ਸਥਾਪਤ ਕੀਤਾ ਜਾਵੇਗਾ ਜੋ ਕਿਸੇ ਵੀ ਪਰਿਵਾਰ ਨੂੰ, ਜਿਸ ਨੂੰ ਲੋੜ ਹੋਵੇ, ਜਦੋਂ ਉਨ੍ਹਾਂ ਨੂੰ ਲੋੜ ਹੋਵੇ, ਇੱਕ ਅਜਿਹੀ ਕੀਮਤ ‘ਤੇ ਉਪਲਬਧ ਰਹੇ ਜਿਸ ਨੂੰ ਉਹ ਬਰਦਾਸ਼ਤ ਕਰ ਸਕਦੇ ਹੋਣ।

ਪਹਿਲਾਂ ਹੀ, ਹਜ਼ਾਰਾਂ ਹੀ ਪਰਿਵਾਰ ਬਾਲ ਸੰਭਾਲ ਲਈ ਉਸ ਸਮੇਂ ਨਾਲੋਂ ਘੱਟ ਅਦਾਇਗੀ ਕਰ ਰਹੇ ਹਨ ਜਦੋਂ ਅਸੀਂ ਪਹਿਲੀ ਵਾਰ ਸਰਕਾਰ ਦਾ ਗਠਨ ਕੀਤਾ ਸੀ।

ਅਸੀਂ ਆਪਣੇ ਅਸਲ ਟੀਚੇ ਨੂੰ ਪਾਰ ਕਰਦੇ ਹੋਏ, 26,000 ਨਵੀਆਂ ਥਾਂਵਾਂ ਲਈ ਮਾਲੀ ਮਦਦ ਦਿੱਤੀ ਹੈ।

ਕੁੱਲ ਮਿਲਾ ਕੇ, ਇਸ ਕਾਰਜ  ਨਾਲ ਬੀ ਸੀ ਬਾਲ ਸੰਭਾਲ ਦੇ ਮਾਮਲੇ ਵਿੱਚ ਇੱਕ ਕੌਮੀ ਆਗੂ ਦੇ ਤੌਰ ਤੇ ਸਥਾਪਤ ਹੋ ਗਿਆ ਹੈ।

ਅਤੇ ਇਸਦਾ ਅਰਥ ਇਹ ਨਿਕਲਿਆ ਕਿ ਜਦੋਂ ਫ਼ੈਡਰਲ ਸਰਕਾਰ ਨਾਲ ਗੱਲਬਾਤ ਸ਼ੁਰੂ ਹੋਈ, ਤਾਂ ਅਸੀਂ ਤਿਆਰ ਸਾਂ।

ਸਪੀਕਰ ਸਾਹਿਬ, ਇੱਕ ਇਤਿਹਾਸਕ ਸਮਝੌਤਾ ਹੁਣ ਲਾਗੂ ਹੋ ਚੁੱਕਾ ਹੈ ਜਿਸ ਨਾਲ ਬੀ ਸੀ ਨੂੰ $10 ਪ੍ਰਤੀ ਦਿਨ ਦੀ ਬਾਲ ਸੰਭਾਲ ਦੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨਜ਼ਦੀਕ ਲਿਆਂਦਾ ਗਿਆ ਹੈ।

ਸੱਤ ਸਾਲਾਂ ਅੰਦਰ, ਫ਼ੈਡਰਲ ਸਰਕਾਰ ਦੀ ਭਾਈਵਾਲੀ ਨਾਲ 40,000 ਹੋਰ ਥਾਂਵਾਂ ਨੂੰ ਮਾਲੀ ਮਦਦ ਦਿੱਤੀ ਜਾਵੇਗੀ।

ਅਤੇ ਇਸ ਸਾਲ ਦੇ ਅੰਤ ਤੱਕ, ਪੰਜ ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਪੇਰੈਂਟ ਫੀਸਾਂ ਔਸਤਨ 50% ਤੱਕ ਹੇਠਾਂ ਆ ਜਾਣਗੀਆਂ।

ਇਹ ਪਰਿਵਾਰਾਂ ਲਈ ਵੱਡੀ ਜਿੱਤ ਹੈ ਅਤੇ ਸਰਕਾਰ ਲਈ ਉਹ ਪ੍ਰਾਪਤੀ ਹੈ ਜਿਸਨੂੰ ਹਾਸਲ ਕਰਨ ਲਈ ਪਹਿਲੇ ਦਿਨ ਤੋਂ ਹੰਭਲਾ ਮਾਰਿਆ ਜਾ ਰਿਹਾ ਸੀ।

ਬਜਟ 2022 ਰਾਹੀਂ ਬਾਲ ਸੰਭਾਲ ਨੂੰ ਪਰਿਵਾਰਾਂ ਵਾਸਤੇ ਹੋਰ ਕਿਫ਼ਾਇਤੀ ਬਣਾਉਣ ਵੱਲ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ।

ਅਸੀਂ 2023-24 ਦੇ ਸਕੂਲ ਵਰ੍ਹੇ ਲਈ ਪ੍ਰੀ-ਸਕੂਲ ਅਤੇ ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵੀ ਦੇਖਭਾਲ ਲਈ ਔਸਤ ਫੀਸਾਂ ਨੂੰ ਘਟਾ ਕੇ $20 ਪ੍ਰਤੀ ਦਿਨ ਤੱਕ ਲਿਆ ਰਹੇ ਹਾਂ।

ਸਪੀਕਰ ਸਾਹਿਬ, ਜਦ ਕਿ ਬਾਲ ਸੰਭਾਲ ਬੀ ਸੀ ਦੇ ਪਰਿਵਾਰਾਂ ਲਈ ਇੱਕ ਬੁਨਿਆਦੀ ਸੇਵਾ ਬਣ ਗਈ ਹੈ, ਸਾਨੂੰ ਲਾਜ਼ਮੀ ਹੋਰ ਜ਼ਿਆਦਾ ਹੁਨਰਮੰਦ ਪੇਸ਼ੇਵਰਾਂ ਨੂੰ ਸਿਖਲਾਈ ਦੇਣੀ ਪਵੇਗੀ।

ਪਹਿਲਾਂ ਹੀ, ਪਿਛਲੇ ਤਿੰਨ ਸਾਲਾਂ ਦੌਰਾਨ ਅਸੀਂ ਅਰਲੀ ਚਾਈਲਡਹੁਡ ਐਜੂਕੇਟਰਾਂ ਲਈ ਸੀਟਾਂ ਦੀ ਗਿਣਤੀ ਦੁੱਗਣੀ ਕਰ ਦਿੱਤੀ ਹੈ।

ਅਤੇ ਹੁਣ, ਬਜਟ 2022 ਰਾਹੀਂ ਹੋਰ ਜ਼ਿਆਦਾ ਈ ਸੀ ਈ ਨੂੰ ਸਿਖਲਾਈ ਦੇਣ ਲਈ ਸੈਂਕੜੇ ਨਵੀਆਂ ਸੀਟਾਂ ਦਾ ਵਾਧਾ ਕੀਤਾ ਜਾਵੇਗਾ।

ਇਸ ਸਾਲ ਦੇ ਬਜਟ ਰਾਹੀਂ ਹੋਰ ਵਧੇਰੇ ਬਾਲ ਸੰਭਾਲ ਪੇਸ਼ੇਵਰਾਂ ਤੱਕ ਉਜਰਤਾਂ ਦੇ ਵਾਧੇ ਦਾ ਵਿਸਤਾਰ ਵੀ ਕੀਤਾ ਜਾਵੇਗਾ।

ਇਸ ਵਿੱਚ ਹੁਣ ਉਹ ਈ ਸੀ ਈ ਵੀ ਸ਼ਾਮਲ ਹੋਣਗੇ ਜੋ ਬੱਚਿਆਂ ਨਾਲ ਕੰਮ ਕਰਨ ਅਤੇ ਸਟਾਫ਼ ਦੀ ਨਿਗਰਾਨੀ ਕਰਨ, ਮਾਪਿਆਂ ਦੀਆਂ ਕਾਲਾਂ ਦਾ ਉੱਤਰ ਦੇਣ ਲਈ, ਅਤੇ ਪਰਦੇ ਪਿੱਛੇ ਚੱਲ ਰਹੇ ਹੋਰ ਕੰਮ ਵਿੱਚ ਮਦਦ ਦੇਣ ਲਈ ਆਪਣਾ ਸਮਾਂ ਵੰਡ ਕੇ ਖ਼ਰਚ ਕਰਦੇ ਹਨ।

## ਸਥਿਤੀ ਅਨੁਸਾਰ ਢਲ ਸਕਣ ਵਾਲੇ ਭਵਿੱਖ ਲਈ ਇੱਕ ਵਧੇਰੇ ਮਜ਼ਬੂਤ ਵਾਤਾਵਰਣ

ਸਪੀਕਰ ਸਾਹਿਬ, ਪਿਛਲੇ ਸਾਲ ਨੇ ਇਹ ਗੱਲ ਬੜੇ ਜ਼ੋਰ ਨਾਲ ਯਾਦ ਕਰਾਈ ਕਿ ਕਿਵੇਂ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਸਾਡੇ ਕੁਦਰਤੀ ਵਾਤਾਵਰਣ ਦੀ ਸਿਹਤ ਅਤੇ ਤੰਦਰੁਸਤੀ ਨਾਲ ਨਜ਼ਦੀਕ ਤੋਂ ਜੁੜੀ ਹੋਈ ਹੈ।

ਇਸ ਸਾਲ ਦੇ ਬਜਟ ਲਈ ਹੋਏ ਵਿਚਾਰ ਵਟਾਂਦਰੇ ਦੌਰਾਨ, ਮੈਨੂੰ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਵੱਲੋਂ ਇੱਕ ਸਾਂਝਾ ਸੁਨੇਹਾ ਸੁਣਾਈ ਦਿੱਤਾ।

ਮੌਜੂਦਾ ਸਮੇਂ ਕਦਮ ਚੁੱਕੇ ਜਾਣ ਦੀ ਲੋੜ ਹੈ- ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਅਤੇ ਲੋਕਾਂ ਅਤੇ ਭਾਈਚਾਰਿਆਂ ਨੂੰ ਜਲਵਾਯੂ-ਸਬੰਧਤ ਆਫਤਾਂ ਦੇ ਪ੍ਰਭਾਵਾਂ, ਦੋਹਾਂ ਤੋਂ ਬਚਾਉਣ ਲਈ।

ਬਜਟ 2022 ਰਾਹੀਂ ਲੋਕਾਂ ਨੂੰ ਮੌਜੂਦਾ ਸਮੇਂ ਸੁਰੱਖਿਅਤ ਰੱਖਣ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਬਿਹਤਰ, ਜਲਵਾਯੂ ਅਨੁਸਾਰ ਵਧੇਰੇ ਢਲ ਸਕਣ ਵਾਲੇ ਇੱਕ ਬ੍ਰਿਟਿਸ਼ ਕੋਲੰਬੀਆ ਦਾ ਨਿਰਮਾਣ ਕਰਨ ਵਿੱਚ ਮਦਦ ਮਿਲੇਗੀ।

ਤਿੰਨ ਸਾਲ ਪਹਿਲਾਂ ਸਾਡੀ ਸਰਕਾਰ ਨੇ ਕਲੀਨ ਬੀ ਸੀ ਦਾ ਆਰੰਭ ਕੀਤਾ ਸੀ-ਜੋ ਕਿ ਉੱਤਰੀ ਅਮਰੀਕਾ ਵਿੱਚ ੱਲਵਾਯੂ ਸਬੰਧੀ ਸਭ ਤੋਂ ਮਜ਼ਬੂਤ ਯੋਜਨਾਵਾਂ ਵਿੱਚੋਂ ਇੱਕ ਹੈ।

ਫਿਰ ਅਸੀਂ ਕਲੀਨ ਬੀ ਸੀ ਰੋਡ ਮੈਪ ਟੂ 2030 ਰਾਹੀਂ ਜਲਵਾਯੂ ਪਰਿਵਰਤਨ ਵਿਰੁੱਧ ਜੰਗ ਵਿੱਚ ਤੇਜ਼ੀ ਲਿਆਂਦੀ।

ਅੱਜ, ਕਲੀਨ ਬੀ ਸੀ ਨੂੰ $1 ਬਿਲੀਅਨ ਅਤਿਰਿਕਤ ਮੁਹੱਈਆ ਕਰਾਉਣ ਨਾਲ ਸਾਨੂੰ ਇੱਕ ਅਲਪ-ਕਾਰਬਨ ਭਵਿੱਖ ਤੱਕ ਪਹੁੰਚਣ ਵਿੱਚ ਮਦਦ ਮਿਲੇਗੀ, ਉਹ ਵੀ ਵਧੇਰੇ ਤੇਜ਼ੀ ਨਾਲ।

ਇਸ ਸਾਲ ਦੇ ਬਜਟ ਰਾਹੀਂ ਉਦਯੋਗ ਲਈ ਕਲੀਨ ਬੀ ਸੀ ਪ੍ਰੋਗਰਾਮ ਹੋਰ ਮਜ਼ਬੂਤ ਹੋਵੇਗਾ ਤਾਂ ਕਿ ਸਾਡੀ ਆਰਥਕਤਾ ਨੂੰ ਕਾਰਬਨ-ਰਹਿਤ ਕਰਨ ਵਿੱਚ ਮਦਦ ਮਿਲ ਸਕੇ।

ਅਸੀਂ ਇੱਕ ਨਵਾਂ ਕਲੀਨ ਬਿਲਡਿੰਗਜ਼ ਟੈਕਸ ਰੀਬੇਟ ਵੀ ਬਣਾ ਰਹੇ ਹਾਂ ਤਾਂ ਕਿ ਵਧੇਰੇ ਵੱਡੀਆਂ ਕਿਰਾਏ ਵਾਲੀਆਂ ਅਤੇ ਵਪਾਰਕ ਇਮਾਰਤਾਂ ਦੇ ਡੀਪ ਐਨਰਜੀ ਰੈਟ੍ਰੋਫ਼ਿਟਸ ਵਿੱਚ ਮਦਦ ਦਿੱਤੀ ਜਾ ਸਕੇ।

ਭਾਵੇਂ ਜ਼ਿਆਦਾਤਰ ਲੋਕ ਵਾਤਾਵਰਣ ਸਬੰਧੀ ਸਹੀ ਫ਼ੈਸਲਾ ਕਰਨਾ ਚਾਹੁੰਦੇ ਹਨ, ਪਰ ਇਹ ਹਮੇਸ਼ਾ ਸਭ ਤੋਂ ਵੱਧ ਕਿਫ਼ਾਇਤੀ ਵਿਕਲਪ ਨਹੀਂ ਹੁੰਦਾ।

ਅਸੀਂ ਇਸ ਨੂੰ ਬਦਲਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ।

ਬਜਟ 2022 ਰਾਹੀਂ ਸਾਰੇ ਇਲੈਕਟ੍ਰਿਕ ਹੀਟ ਪੰਪਾਂ ਤੋਂ ਪੀ ਐੱਸ ਟੀ ਖ਼ਤਮ ਕਰ ਦਿੱਤਾ ਜਾਏਗਾ, ਜਦ ਕਿ ਫ਼ੌਸਿਲ ਫ਼ਿਊਲ ਹੀਟਿੰਗ ਉਪਕਰਣਾਂ ‘ਤੇ ਪੀ ਐੱਸ ਟੀ ਵਿੱਚ ਵਾਧਾ ਕੀਤਾ ਜਾ ਰਿਹਾ ਹੈ।

ਇਸ ਤੋਂ ਹੋਣ ਵਾਲੀ ਆਮਦਨੀ ਨਾਲ ਗ੍ਰਾਮੀਣ ਅਤੇ ਉੱਤਰੀ ਬ੍ਰਿਟਿਸ਼ ਕੋਲੰਬੀਆ ਵਿੱਚ ਘਰਾਂ ਦੇ ਮਾਲਕਾਂ ਲਈ ਹੀਟ ਪੰਪਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣ ਲਈ ਦਿੱਤੇ ਜਾਣ ਵਾਲੇ ਨਵੇਂ ਪ੍ਰੋਤਸਾਹਨਾ ‘ਤੇ ਹੋਣ ਵਾਲੇ ਖ਼ਰਚੇ ਦੀ ਪੂਰਤੀ ਹੋ ਸਕੇਗੀ।

ਇਲੈਕਟ੍ਰਿਕ ਵਾਹਨ ਇੱਕ ਹੋਰ ਅਜਿਹੀ ਮਿਸਾਲ ਹਨ ਕਿ ਅਸੀਂ ਕਿਵੇਂ ਕਲਾਈਮੇਟ ਸਮਾਰਟ ਫ਼ੈਸਲਿਆਂ ਨੂੰ ਵਧੇਰੇ ਕਿਫ਼ਾਇਤੀ ਬਣਾ ਰਹੇ ਹਾਂ।

ਸਪੀਕਰ ਸਾਹਿਬ, ਇਲੈਕਟ੍ਰਿਕ ਵਾਹਨਾਂ ਵੱਲ ਤਬਦੀਲ ਹੋਣ ਵਿੱਚ ਬੀ ਸੀ ਉੱਤਰੀ ਅਮਰੀਕਾ ਦੀ ਅਗਵਾਈ ਕਰ ਰਿਹਾ ਹੈ।

ਅਤੇ ਪੁਰਾਣੇ ਈ ਵੀ ਨੂੰ ਵਧੇਰੇ ਕਿਫ਼ਾਇਤੀ ਬਣਾਉਣ ਲਈ, ਅਸੀਂ ਪੀ ਐੱਸ ਟੀ ਨੂੰ ਖ਼ਤਮ ਕਰ ਰਹੇ ਹਾਂ।

ਇਸ ਵਰ੍ਹੇ ਦੇ ਬਜਟ ਵਿੱਚ ਇੱਕ ਕਲੀਨ ਟਰਾਂਸਪੋਰਟੇਸ਼ਨ ਐਕਸ਼ਨ ਪਲੈਨ ਦਾ ਵੀ ਆਰੰਭ ਕੀਤਾ ਗਿਆ ਹੈ ਅਤੇ ਸੂਬੇ ਦੇ ਬਾਈਕ ਲੇਨਾਂ ਅਤੇ ਮਲਟੀ-ਯੂਜ਼ ਪਾਥਵੇਆਂ ਦੇ ਨੈੱਟਵਰਕਾਂ ਨੂੰ ਵਧਾਉਣਾ ਜਾਰੀ ਰੱਖਿਆ ਗਿਆ ਹੈ।

ਅਸੀਂ ਮੋਟਰ ਫ਼ਿਊਲ ਟੈਕਸ ‘ਤੇ ਛੋਟਾਂ ਦਾ ਦਾਇਰਾ ਵੀ ਹੋਰ ਵੱਡਾ ਕਰ ਰਹੇ ਹਾਂ ਤਾਂ ਕਿ ਇਸ ਵਿੱਚ ਹਾਈਡ੍ਰੋਜਨ ਸ਼ਕਤੀ ਨਾਲ ਚੱਲਣ ਵਾਲੇ ਵਾਹਨਾਂ ਨੂੰ ਸ਼ਾਮਲ ਕੀਤਾ ਜਾ ਸਕੇ।

ਇਸ ਨਾਲ ਬੀ ਸੀ-ਅਧਾਰਤ ਹਾਈਡਰਾ ਐਨਰਜੀ ਵਰਗੀਆਂ ਕੰਪਨੀਆਂ ਨੂੰ ਫ਼ਾਇਦਾ ਹੋਵੇਗਾ ਕਿਉਂਕਿ ਇਸ ਰਾਹੀਂ ਹੈਵੀ ਡਿਊਟੀ ਵਾਹਨਾਂ ਨੂੰ ਹਾਈਡ੍ਰੋਜਨ ਸ਼ਕਤੀ ਨਾਲ ਚੱਲਣ ਵਾਲੇ ਵਾਹਨਾਂ ਵਿੱਚ ਤਬਦੀਲ ਕਰਨ ਦਾ ਕਾਰਜ ਕੀਤਾ ਜਾਵੇਗਾ।

ਭਾਵੇਂ ਜਲਵਾਯੂ ਪਰਿਵਰਤਨ ਵਿਰੁੱਧ ਜੰਗ ਜਾਰੀ ਹੈ, ਹਾਲੀਆ ਆਫ਼ਤਾਂ ਦਰਸਾਉਂਦੀਆਂ ਹਨ ਕਿ ਸਾਨੂੰ ਘਰੇਲੂ ਪੱਧਰ ‘ਤੇ ਆਪਣੀ ਸੁਰੱਖਿਆ ਨੂੰ ਲਾਜ਼ਮੀ ਮਜ਼ਬੂਤ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਭਾਵੇਂ ਅਸੀਂ ਸਾਰਿਆਂ ਨੇ ਇਸ ਸਾਲ ਜਲਵਾਯੂ ਪਰਿਵਰਤਨ ਦੀਆਂ ਸੱਚਾਈਆਂ ਨੂੰ ਅਨੁਭਵ ਕੀਤਾ ਹੈ, ਮੈਂ ਨਿਕੋਲਾ ਵੈਲੀ ਵਿਚਲੇ ਮੂਲਵਾਸੀ ਲੋਕਾਂ, ਐਬਟਸਫੋਰਡ ਵਿਚਲੇ ਕਿਸਾਨਾਂ, ਅਤੇ ਮੈਰਿਟ, ਪ੍ਰਿੰਸਟਨ ਅਤੇ ਲਿੱਟਨ ਦੇ ਵਸਨੀਕਾਂ ਬਾਰੇ ਸੋਚੇ ਬਿਨਾਂ ਨਹੀਂ ਰਹਿ ਸਕਦੀ।

ਕੋਈ ਇਕੱਲਾ ਭਾਈਚਾਰਾ ਆਪਣੇ ਬਲਬੂਤੇ ‘ਤੇ ਪੁਨਰ-ਨਿਰਮਾਣ ਨਹੀਂ ਕਰ ਸਕਦਾ। ਅਸੀਂ ਰਲ ਮਿਲ ਕੇ, ਇਸ ਸਥਿਤੀ ਵਿੱਚੋਂ ਸਫ਼ਲਤਾ ਨਾਲ ਗੁਜ਼ਰ ਸਕਾਂਗੇ।

ਇਸ ਵਰ੍ਹੇ ਦੇ ਬਜਟ ਵਿੱਚ ਹੜ੍ਹਾਂ, ਗਰਮੀ ਦੀਆਂ ਲਹਿਰਾਂ ਅਤੇ ਜੰਗਲੀ ਅੱਗਾਂ ਲਈ ਤਿਆਰੀ ਕਰਨ, ਉਨ੍ਹਾਂ ਪ੍ਰਤੀ ਕਾਰਵਾਈ ਕਰਨ, ਅਤੇ ਉਨ੍ਹਾਂ ਤੋਂ ਹੋਏ ਨੁਕਸਾਨ ਤੋਂ ਉਭਰਨ ਲਈ ਸਾਡੀ ਸਹਾਇਤਾ ਵਾਸਤੇ $2.1 ਬਿਲੀਅਨ ਤੋਂ ਵੱਧ ਮੁਹੱਈਆ ਕਰਾਏ ਗਏ ਹਨ।

ਇਸ ਦੀ ਸ਼ੁਰੂਆਤ ਹੜ੍ਹਾਂ ਤੋਂ ਹੋਏ ਨੁਕਸਾਨ ਤੋਂ ਉਭਰਨ ਵਿੱਚ ਲੋਕਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨ ਲਈ $1.5 ਬਿਲੀਅਨ ਨਾਲ ਹੋਵੇਗੀ।

ਮਲਬਾ ਹਟਾਉਣ ਤੋਂ ਲੈ ਕੇ ਬੇਹੱਦ ਪ੍ਰਭਾਵਤ ਹੋਏ ਲੋਕਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਾਉਣ ਤੱਕ ਉਹ ਖ਼ਰਚੇ, ਜਿਨ੍ਹਾਂ ਬਾਰੇ ਸਾਨੂੰ ਪਤਾ ਹੈ, ਨੂੰ ਕੁੱਲ ਮਿਲਾ ਕੇ $400 ਮਿਲੀਅਨ ਨਾਲ ਪੂਰਾ ਕੀਤਾ ਜਾਵੇਗਾ।

ਆਉਣ ਵਾਲੇ ਮਹੀਨਿਆਂ ਵਿੱਚ ਆਰਥਕ ਮੁੜ-ਬਹਾਲੀ ਦੇ ਅਤਿਰਿਕਤ ਵਿੱਚ ਖ਼ਰਚਿਆਂ ਲਈ ਮਦਦ ਦੇਣ ਵਾਸਤੇ ਅਚਨਚੇਤੀ ਖ਼ਰਚੇ ਦੇ ਰੂਪ ਵਿੱਚ ਹੋਰ ਵਾਧੂ $1.1 ਬਿਲੀਅਨ ਨਿਰਧਾਰਤ ਕੀਤੇ ਗਏ ਹਨ।

ਸਪੀਕਰ ਸਾਹਿਬ, ਇਸ ਮੁਸ਼ਕਲ ਸਮੇਂ ਦੌਰਾਨ ਕੈਨੇਡਾ ਦੀ ਸਰਕਾਰ ਸਾਡਾ ਇੱਕ ਮਜ਼ਬੂਤ ਸਾਥੀ ਰਹੀ ਹੈ।

ਫ਼ੈਡਰਲ ਸਹਾਇਤਾ ਦੇ ਤੌਰ ‘ਤੇ ਦਿੱਤੇ ਗਏ $5 ਬਿਲੀਅਨ ਨਾਲ ਹੜ੍ਹਾਂ ਤੋਂ ਹੋਏ ਨੁਕਸਾਨ ਤੋਂ ਉਭਰਨ ਦੀਆਂ ਬੀ ਸੀ ਦੀਆਂ ਕੋਸ਼ਿਸ਼ਾਂ ਨੂੰ ਸਹਾਰਾ ਮਿਲੇਗਾ।

ਇੱਕ ਅਜਿਹੇ ਸੰਕੇਤ ਦੇ ਤੌਰ ‘ਤੇ ਕਿ ਅਸੀਂ ਮਿਲ ਕੇ ਕੀ ਪ੍ਰਾਪਤੀ ਕਰ ਸਕਦੇ ਹਾਂ, ਬੀ ਸੀ ਦੇ ਕਿਸਾਨਾਂ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਆਰਥਕ ਮੁੜ-ਬਹਾਲੀ ਪੈਕੇਜ ਛੇਤੀ ਹੀ ਆਉਣ ਵਾਲਾ ਹੈ।

ਅਗਾਂਹ ਹਾਲੇ ਲੰਬਾ ਰਸਤਾ ਤੈਅ ਕਰਨ ਵਾਲਾ ਹੈ, ਅਤੇ ਸਾਡਾ ਜੋ ਨੁਕਸਾਨ ਹੋਇਆ ਹੈ ਉਸਦੀ ਮੁੜ-ਉਸਾਰੀ ਕੇਵਲ ਇਸ ਕੰਮ ਦਾ ਇੱਕ ਹਿੱਸਾ ਹੈ।

ਭਵਿੱਖ ਦੀਆਂ ਜਲਵਾਯੂ ਨਾਲ ਸਬੰਧਤ ਆਫ਼ਤਾਂ ਤੋਂ ਲੋਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਲਾਜ਼ਮੀ ਇਸ ਵੇਲੇ ਕਦਮ ਚੁੱਕਣ ਦੀ ਲੋੜ ਹੈ।

ਇਸ ਵਰ੍ਹੇ ਮੁਹੱਈਆ ਕਰਾਏ ਗਏ ਕੁੱਲ $120 ਮਿਲੀਅਨ ਨਾਲ ਕਮਿਉਨਿਟੀ ਐਮਰਜੈਂਸੀ ਪ੍ਰੀਪੇਅਰਡਨੈੱਸ ਫੰਡ ਅਤੇ ਮੂਲਵਾਸੀ ਅਗਵਾਈ ਅਧੀਨ ਆਪਾਤ ਪ੍ਰਬੰਧਨ ਵਿੱਚ ਸਹਾਇਤਾ ਹਾਸਲ ਹੋ ਸਕੇਗੀ।

ਇਸ ਨਾਲ ਸਥਾਨਕ ਐਮਰਜੈਂਸੀ ਸੇਵਾਵਾਂ ਅਤੇ ਸੰਚਾਲਨ ਕੇਂਦਰਾਂ, ਫ਼ਲੱਡਪਲੇਨਜ਼ ਦੀ ਮੈਪਿੰਗ ਅਤੇ ਹੜ੍ਹ ਸਬੰਧੀ ਖ਼ਤਰਿਆਂ ਦਾ ਮੁਲਾਂਕਣ ਕਰਨ ਅਤੇ ਹੋਰ ਚੀਜ਼ਾਂ ਲਈ ਤਾਕਤ ਹਾਸਲ ਕਰਨ ਵਿੱਚ ਮਦਦ ਮਿਲੇਗੀ।

ਰੋਕਥਾਮ ਸਬੰਧੀ ਮਜ਼ਬੂਤ ਕਾਰਵਾਈ ਹੋਣ ਦੇ ਬਾਵਜੂਦ, ਬ੍ਰਿਟਿਸ਼ ਕੋਲੰਬੀਆ ਨੂੰ ਲੋਕਾਂ, ਜਾਇਦਾਦਾਂ ਅਤੇ ਭਾਈਚਾਰਿਆਂ ਨੂੰ ਜਲਵਾਯੂ ਸਬੰਧਤ ਆਫਤਾਂ ਤੋਂ ਸੁਰੱਖਿਅਤ ਰੱਖਣ ਲਈ ਲਾਜ਼ਮੀ ਤਿਆਰ ਰਹਿਣਾ ਪਵੇਗਾ।

ਸੰਕਟ ਦੇ ਪਲਾਂ ਦੌਰਾਨ ਬੀ ਸੀ ਵਾਈਲਡ ਫ਼ਾਇਰ ਸਰਵਿਸ ਅਤੇ ਐਮਰਜੈਂਸੀ ਮੈਨੇਜਮੈਂਟ ਬੀ ਸੀ ਨੇ ਆਪਣੀ ਕਾਰਵਾਈ ਵਿੱਚ ਕੋਈ ਢਿੱਲ ਨਹੀਂ ਦਿਖਾਈ।

ਅਸੀਂ ਧੰਨਵਾਦ ਕਰਨ ਤੋਂ ਕਿਤੇ ਵੱਧ ਉਨ੍ਹਾਂ ਦੇ ਰਿਣੀ ਹਾਂ।

ਬਜਟ 2022 ਵਿੱਚ ਤਿੰਨ ਸਾਲਾਂ ਦੌਰਾਨ ਇਨ੍ਹਾਂ ਦੋਹਾਂ ਏਜੰਸੀਆਂ ਵਿੱਚ ਕਰਮਚਾਰੀਆਂ ਦੀ ਗਿਣਤੀ ਵਧਾਉਣ ਅਤੇ ਇੱਕ ਵਧੇਰੇ ਕਿਰਿਆਸ਼ੀਲ ਪਹੁੰਚ ਵੱਲ ਕਦਮ ਵਧਾਉਣ ਲਈ $145 ਮਿਲੀਅਨ ਦਾ ਵਾਅਦਾ ਕੀਤਾ ਗਿਆ ਹੈ।

ਈ ਐੱਮ ਬੀ ਸੀ ਲਈ ਇਸਦਾ ਅਰਥ ਹੈ ਆਪਾਤ ਸਥਿਤੀਆਂ ਪ੍ਰਤੀ ਇੱਕ ਵਧੇਰੇ ਸੂਬਾਈ ਪੱਧਰੀ ਕਾਰਵਾਈ, ਅਤੇ ਭਾਈਚਾਰਿਆਂ ਅਤੇ ਫਸਟ ਨੇਸ਼ਨਜ਼ ਨਾਲ ਵਧੇਰੇ ਤਾਲਮੇਲ।

ਬੀ ਸੀ ਵਾਈਲਡ ਫ਼ਾਇਰ ਸਰਵਿਸ ਲਈ ਇਹ ਪੂਰੇ ਸਾਲ ਦੌਰਾਨ ਅੱਗਾਂ ਦਾ ਮੁਕਾਬਲਾ ਕਰਨ ਅਤੇ ਖ਼ਤਰੇ ਨੂੰ ਘਟਾਉਣ ਵੱਲ ਤਬਦੀਲ ਹੋਣ ਦੀ ਸ਼ੁਰੂਆਤ ਹੈ।

ਇਨ੍ਹਾਂ ਕੋਸ਼ਿਸ਼ਾਂ ਵਿੱਚ ਮਦਦ ਦੇਣ ਲਈ, ਬਜਟ 2022 ਵਿੱਚ ਜੰਗਲੀ ਅੱਗਾਂ ਦੀ ਰੋਕਥਾਮ ਨਾਲ ਸਬੰਧਤ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਲਈ ਲਗਭਗ $200 ਮਿਲੀਅਨ ਮੁਹੱਈਆ ਕਰਾਏ ਗਏ ਹਨ।

ਇਸ ਵਿੱਚ ਫ਼ਾਇਰਸਮਾਰਟ ਵਰਗੇ ਪ੍ਰੋਗਰਾਮਾਂ ਵਿੱਚ ਹੋਰ ਵਧੇਰੇ ਭਾਈਚਾਰਿਆਂ ਨੂੰ ਹਿੱਸਾ ਲੈਣ ਵਿੱਚ ਮਦਦ ਦੇਣ ਲਈ ਨਵੀਂ ਮਾਲੀ ਮਦਦ ਦੇ ਰੂਪ ਵਿੱਚ $90 ਮਿਲੀਅਨ ਸ਼ਾਮਲ ਹਨ।

ਜਦੋਂ ਟਰਿਮੌਂਟ ਕ੍ਰੀਕ ਵਿੱਚ ਲੱਗੀ ਜੰਗਲੀ ਅੱਗ ਨੇ ਲੋਗਨਲੇਕ ਦੇ ਭਾਈਚਾਰੇ ਲਈ ਖ਼ਤਰਾ ਪੈਦਾ ਕੀਤਾ, ਤਾਂ ਅਸੀਂ ਵੇਖਿਆ ਕਿ ਇੱਕ ਫ਼ਾਇਰਸਮਾਰਟ ਭਾਈਚਾਰਾ ਹੋਣ ਦਾ ਮਤਲਬ ਕੀ ਹੁੰਦਾ ਹੈ–ਅਤੇ ਇੱਕ ਆਪਾਤ ਸਥਿਤੀ ਵਿੱਚ ਇਸ ਨਾਲ ਕੀ ਫ਼ਰਕ ਪੈ ਸਕਦਾ ਹੈ।

ਕੁੱਲ ਮਿਲਾ ਕੇ, ਇਨ੍ਹਾਂ ਉਪਾਵਾਂ ਨਾਲ ਬ੍ਰਿਟਿਸ਼ ਕੋਲੰਬੀਆ ਨੂੰ ਆਫ਼ਤਾਂ ਦੇ ਸਾਹਮਣੇ ਮਜ਼ਬੂਤੀ ਨਾਲ ਖੜ੍ਹੇ ਹੋਣ ਵਿੱਚ ਮਦਦ ਮਿਲੇਗੀ।

ਅਤੇ ਬੇਸ਼ੱਕ ਅੱਤ ਦੀਆਂ ਮੌਸਮੀ ਘਟਨਾਵਾਂ ਸਾਡਾ ਸਭ ਤੋਂ ਵੱਧ ਧਿਆਨ ਖਿੱਚਦੀਆਂ ਹਨ, ਅਸੀਂ ਜਾਣਦੇ ਹਾਂ ਕਿ ਬਦਲ ਰਹੀ ਜਲਵਾਯੂ ਦੇ ਸਿਲਸਿਲੇਵਾਰ ਪ੍ਰਭਾਵ ਵੀ ਵੱਡੀਆਂ ਮੁਸ਼ਕਲਾਂ ਪੈਦਾ ਕਰ ਸਕਦੇ ਹਨ।

ਜਿਸ ਕਿਸਮ ਦਾ ਅੰਨ ਅਸੀਂ ਉਗਾਉਂਦੇ ਹਾਂ, ਉਸ ਤੋਂ ਲੈ ਕੇ ਸਾਡੀ ਸਿਉਵਰ ਅਤੇ ਸੜਕਾਂ ਦੇ ਡਿਜ਼ਾਈਨ ਤੱਕ।

ਸਾਨੂੰ ਲਾਜ਼ਮੀ ਦੋਹਾਂ ਮੁਹਾਜ਼ਾਂ ‘ਤੇ ਹੋਣ ਵਾਲੀਆਂ ਤਬਦੀਲੀਆਂ ਲਈ ਤਿਆਰ ਰਹਿਣਾ ਚਾਹੀਦਾ ਹੈ।

ਇਹੀ ਉਹ ਮੌਕਾ ਹੈ ਜਿੱਥੇ ਬੀ ਸੀ ਦੀ ਕਲਾਈਮੇਟ ਪ੍ਰੀਪੇਅਰਡਨੈੱਸ ਐਂਡ ਅਡੈਪਟੇਸ਼ਨ ਸਟ੍ਰੈਟਜੀ ਭੂਮਿਕਾ ਨਿਭਾਉਂਦੀ ਹੈ।

ਬਜਟ 2022 ਰਾਹੀਂ $83 ਮਿਲੀਅਨ ਨਾਲ ਪੂਰੇ ਸੂਬੇ ਵਿੱਚ ਇਸ ਰਣਨੀਤੀ ਨੂੰ ਲਾਗੂ ਕਰਨਾ ਆਰੰਭ ਕੀਤਾ ਜਾਵੇਗਾ।

ਇਸ ਲਈ ਇਹ ਸਭ ਕੁਝ ਜ਼ਮੀਨੀ ਪੱਧਰ ‘ਤੇ ਕਿਹੋ ਜਿਹਾ ਦਿਖਾਈ ਦਿੰਦਾ ਹੈ?

ਇਸ ਵਿੱਚ ਬੀ ਸੀ ਦੇ ਦਰਿਆਵਾਂ, ਝੀਲਾਂ ਅਤੇ ਸਮੁੰਦਰੀ ਕੰਢਿਆਂ ਦੇ ਨਾਲ ਨਾਲ ਅਤਿ-ਆਧੁਨਿਕ ਜਲਵਾਯੂ ਨਿਗਰਾਨੀ ਸਟੇਸ਼ਨਾਂ ਦੀ ਲੋੜ ਦਿਖਾਈ ਦਿੰਦੀ ਹੈ। ਜੋ ਹੋਣ ਵਾਲਾ ਹੈ ਉਸ ਦੀ ਬਿਹਤਰ ਢੰਗ ਨਾਲ ਭਵਿੱਖਬਾਣੀ ਕਰਨ ਲਈ, ਸਾਨੂੰ ਜਿੰਨਾ ਸੰਭਵ ਹੋ ਸਕੇ ਵਧੀਆ ਤੋਂ ਵਧੀਆ ਅੰਕੜੇ ਇਕੱਠੇ ਕਰਨਾ ਸ਼ੁਰੂ ਕਰਨ ਦੀ ਲੋੜ ਹੈ।

ਇੰਝ ਜਾਪਦਾ ਹੈ ਕਿ ਅੱਤ ਦੀ ਗਰਮੀ ਪ੍ਰਤੀ ਕਾਰਵਾਈ ਕਰਨ ਵਾਲੇ ਇੱਕ ਨਵੇਂ ਢਾਂਚੇ ਰਾਹੀਂ ਅਜਿਹਾ ਸੰਭਵ ਹੋ ਸਕੇਗਾ, ਜੋ ਬਿਹਤਰ ਢੰਗ ਨਾਲ ਇਹ ਭਵਿੱਖਬਾਣੀ ਕਰੇਗਾ ਕਿ ਕਿੱਥੇ ਅਤੇ ਕਦੋਂ ਗਰਮੀ ਦੀਆਂ ਲਹਿਰਾਂ ਹਮਲਾ ਕਰਨਗੀਆਂ, ਅਤੇ ਅਸੀਂ ਕਿਵੇਂ ਸਭ ਤੋਂ ਕਮਜ਼ੋਰ ਲੋਕਾਂ ਦੀ ਮਦਦ ਕਰ ਸਕਦੇ ਹਾਂ।

ਇਹ ਜਾਪਦਾ ਹੈ ਕਿ ਰਿਵਰ ਫੋਰਕਾਸਟ ਸੈਂਟਰ ਅਤੇ ਸੂਬਾਈ ਫ਼ਲੱਡਪਲੇਨ ਮੈਪਿੰਗ ਪ੍ਰੋਗਰਾਮ ਦਾ ਦਾਇਰਾ ਵਧਾਉਣ ਨਾਲ ਅਜਿਹਾ ਸੰਭਵ ਹੋਵੇਗਾ।

ਅਤੇ ਅੰਤ ਵਿੱਚ ਇਸ ਦਾ ਅਰਥ ਹੈ ਕਿ ਸਥਾਨਕ ਸਰਕਾਰਾਂ ਅਤੇ ਮੂਲਵਾਸੀ ਭਾਈਚਾਰਿਆਂ ਨਾਲ ਸਾਡੀਆਂ ਭਾਈਵਾਲੀਆਂ ਨੂੰ ਮਜ਼ਬੂਤ ਕਰਨਾ ਤਾਂ ਕਿ ਜਲਵਾਯੂ ਨਾਲ ਜੁੜੇ ਖਤਰਿਆਂ ਨੂੰ ਸਮਝਣ, ਉਨ੍ਹਾਂ ਦੀ ਨਿਗਰਾਨੀ ਕਰਨ, ਉਨ੍ਹਾਂ ਦਾ ਪ੍ਰਬੰਧਨ ਕਰਨ ਅਤੇ ਉਨ੍ਹਾਂ ਨੂੰ ਘਟਾਉਣ ਲਈ ਮਿਲ ਕੇ ਕੰਮ ਕੀਤਾ ਜਾ ਸਕੇ।

ਭਾਵੇਂ ਜਲਵਾਯੂ ਪਰਿਵਰਤਨ ਵਿਰੁੱਧ ਜੰਗ ਜਾਰੀ ਹੈ, ਅਸੀਂ ਇਹ ਨਿਸ਼ਚਿਤ ਕਰ ਸਕਦੇ ਹਾਂ-ਅਤੇ ਕਰਾਂਗੇ -ਕਿ ਅਸੀਂ ਲੋਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਤਿਆਰ ਹਾਂ।

**ਸਾਰ**

ਪਿਛਲੇ ਦੋ ਸਾਲਾਂ ਦੌਰਾਨ ਅਸੀਂ ਸਾਰਿਆਂ ਨੇ ਬਹੁਤ ਕੁਝ ਸਿੱਖਿਆ ਹੈ।

ਹਰੇਕ ਚੁਣੌਤੀ ਵਿੱਚੋਂ ਗੁਜ਼ਰਦਿਆਂ ਅਸੀਂ ਬਾਰ-ਬਾਰ ਵੇਖਿਆ ਹੈ ਕਿ ਅਸੀਂ ਇੱਕਠੇ ਮਿਲ ਕੇ ਵੱਧ ਮਜ਼ਬੂਤ ਹੁੰਦੇ ਹਾਂ।

ਅੱਗੇ ਹਾਲੇ ਲੰਬਾ ਰਸਤਾ ਬਾਕੀ ਹੈ, ਜਦ ਕਿ ਇਸ ਮੁਸ਼ਕਲ ਸਮੇਂ ਵਿੱਚ ਹੋਏ ਨੁਕਸਾਨ ਦਾ ਅਸੀਂ ਸਾਰੇ ਪੁਨਰ-ਨਿਰਮਾਣ ਅਤੇ ਮੁਰੰਮਤ ਕਰ ਰਹੇ ਹਾਂ।

ਜੇ ਧੀਰਜ ਵਿੱਚ ਕਮੀ ਆ ਗਈ ਜਾਂ ਉਮੀਦ ਡੋਲ ਗਈ, ਤਾਂ ਯਾਦ ਰੱਖੋ ਕਿ ਤੁਸੀਂ ਇਸ ਸਥਿਤੀ ਵਿੱਚ ਇੱਕਲੇ ਨਹੀਂ ਹੋ। ਤੁਹਾਡੇ ਕੋਲ ਪੰਜ ਮਿਲੀਅਨ ਜਾਂ ਇਸ ਦੇ ਲਗਭਗ ਹੋਰ ਲੋਕ ਹਨ, ਜੋ ਮਦਦ ਲਈ ਹੱਥ ਵਧਾਉਣ ਵਾਸਤੇ ਤਿਆਰ ਹਨ।

ਜਿਵੇਂ ਗੱਠੇ ਵਿੱਚ ਬੱਝੀਆਂ ਲਾਠੀਆਂ ਨਹੀਂ ਟੁੱਟਦੀਆਂ, ਬਿਲਕੁਲ ਉਵੇਂ ਅਸੀਂ ਵੀ ਨਹੀਂ ਟੁੱਟਾਂਗੇ।

ਅਤੇ, ਸਪੀਕਰ ਸਾਹਿਬ, ਭਾਵੇਂ ਅਸੀਂ ਸਾਰੇ ਜਾਣਦੇ ਹਾਂ ਕਿ ਅਸੀਂ ਕਾਹਦੇ ਵਿਰੁੱਧ ਜੰਗ ਲੜ ਰਹੇ ਹਾਂ, ਭਾਵੇਂ ਕੋਵਿਡ-19 ਹੋਵੇ, ਭਾਵੇਂ ਜਲਵਾਯੂ ਪਰਿਵਰਤਨ ਹੋਵੇ ਜਾਂ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦਾ ਸੰਕਟ।

ਅਸੀਂ ਇਸ ਗੱਲ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੇ ਕਿ ਅਸੀਂ ਕੀਹਦੇ ਲਈ ਅਤੇ ਕਾਹਦੇ ਲਈ ਸੰਘਰਸ਼ ਕਰ ਰਹੇ ਹਾਂ।

ਕਿੰਡਰ ਗਾਰਟਨ ਅਤੇ ਗਰੈਜੁਏਸ਼ਨਾਂ ਦੇ ਮੁਢਲੇ ਦਿਨਾਂ ਲਈ।

ਉਮੀਦ ਦੇ ਰਸਤੇ ‘ਤੇ ਆਪਣਾ ਪਹਿਲਾ ਸਾਹਸੀ ਕਦਮ ਰੱਖਣ ਵਾਲੇ ਲੋਕਾਂ ਲਈ।

ਵਿਕਾਸ ‘ਤੇ ਨਿਰਭਰਤਾ ਲਈ ਛੋਟੇ ਕਾਰੋਬਾਰਾਂ ਲਈ।

ਕਿਸੇ ਵੀ ਤੂਫ਼ਾਨ ਦਾ ਸਾਹਮਣਾ ਕਰਨ ਲਈ ਬਣੇ ਭਾਈਚਾਰਿਆਂ ਲਈ।

ਅਤੇ ਉਨ੍ਹਾਂ ਸਿਹਤ ਸੰਭਾਲ ਕਾਮਿਆਂ, ਬਾਲ ਸੰਭਾਲ ਪੇਸ਼ੇਵਰਾਂ, ਅਧਿਆਪਕਾਂ ਅਤੇ ਬਸ ਡਰਾਈਵਰਾਂ ਲਈ ਜਿਨ੍ਹਾਂ ਨੇ ਇਨ੍ਹਾਂ ਪਿਛਲੇ ਦੋ ਸਾਲਾਂ ਦੌਰਾਨ ਸਫ਼ਲਤਾ ਨਾਲ ਸਾਨੂੰ ਹਾਲਾਤ ਵਿੱਚੋਂ ਪਾਰ ਲੰਘਾਇਆ।

ਅਸੀਂ ਅੱਜ ਦੀਆਂ ਸ਼ਕਤੀਆਂ ਨੂੰ ਮਜ਼ਬੂਤ ਕਰਨਾ ਜਾਰੀ ਰੱਖ ਕੇ ਆਉਣ ਵਾਲੇ ਉਨ੍ਹਾਂ ਬਿਹਤਰ ਦਿਨਾਂ ਤੱਕ ਪਹੁੰਚਾਂਗੇ, ਅਤੇ ਰਲ ਮਿਲ ਕੇ ਅਸੀਂ ਉਨਾਂ ਸਾਰੇ ਅਵਸਰਾਂ ਦੀ ਖੋਜ ਕਰਾਂਗੇ ਜੋ ਭਵਿੱਖ ਦੀ ਕੁੱਖ ਵਿੱਚ ਹਨ।